# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਮਿਤੀ 8 ਮਾਰਚ, 2016 (ਮੰਗਲਵਾਰ) ਨੂੰ 2.30 ਵਜੇ ਬਾਅਦ ਦੁਪਹਿਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਖੇ ਹੋਈ ਯੂਨੀਵਰਸਿਟੀ ਸੈਨੇਟ ਦੀ ਇੱਕਤਰਤਾ ਦੀ ਕਾਰਵਾਈ।**

**ਹਾਜ਼ਰ:–**

1. ਡਾ. ਅ.ਸ. ਬਰਾੜ,
   ਉਪ-ਕੁਲਪਤੀ . . . (ਸਭਾਪਤੀ)
2. ਡਾ. ਪਰਮਜੀਤ ਸਿੰਘ,
   ਡੀਨ, ਅਕਾਦਮਿਕ ਮਾਮਲੇ
3. ਡਾ. ਅਜ਼ੀਜ ਅਬਾਸ
4. ਡਾ. ਅਤਿਮਾ ਸ਼ਰਮਾ
5. ਡਾ.(ਮਿਸਿਜ਼) ਆਸ਼ਾ ਨਾਰੰਗ
6. ਡਾ. ਅਮਰਜੀਤ ਸਿੰਘ ਸਿੱਧੂ
7. ਡਾ. ਦਲਜੀਤ ਸਿੰਘ
8. ਡਾ. ਡੀ.ਐਨ. ਜੌਹਰ
9. ਡਾ. ਗੁਰਮੀਤ ਸਿੰਘ
10. ਡਾ.(ਮਿਸਿਜ਼) ਗੁਰਚਰਨ ਕੌਰ
11. ਡਾ.(ਮਿਸਿਜ਼) ਗੁਰਨਾਮ ਕੌਰ ਬੇਦੀ
12. ਡਾ. ਹਰਬੀਰ ਸਿੰਘ ਮਾਣਕੂ
13. ਡਾ. ਇਕਬਾਲ ਸਿੰਘ
14. ਸ. ਜਗਦੀਸ਼ ਸਿੰਘ
15. ਸ. ਜਸਪਾਲ ਸਿੰਘ ਬੱਗਾ
16. ਮੇਜਰ ਜਨਰਲ ਜੇ.ਐਸ. ਘੁੰਮਣ
17. ਮਿਸਿਜ਼ ਕਿੰਦਰਜੀਤ ਕੌਰ
18. ਸ਼੍ਰੀ ਕੇ.ਐਸ. ਬੈਂਸ
19. ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ
20. ਸ. ਨਾਨਕ ਸਿੰਘ
21. ਮਿਸ. ਨੀਲਮ
22. ਡਾ. ਪੈਮੀ ਮਨਚੰਦਾ
23. ਡਾ. ਪਰਸ਼ੋਤਮ ਸਿੰਘ ਤਿਆਗੀ
24. ਡਾ. ਰਵੀ ਚਾਂਦ ਸਿੰਘ
25. ਡਾ. ਰਮਨਦੀਪ ਸਿੰਘ ਨਾਰੰਗ

26. ਸ਼੍ਰੀ ਆਰ.ਐਸ. ਕਾਲੜਾ
27. ਮਿਸ. ਰਮਾ ਰਾਣੀ
28. ਡਾ. ਸੁਖਦੇਵ ਸਿੰਘ
29. ਡਾ. ਸੁਬੋਧ ਕੁਮਾਰ
30. ਡਾ. ਐਸ.ਪੀ. ਸਿੰਘ
31. ਡਾ. ਐਸ.ਐਸ. ਜੌਹਲ
32. ਡਾ. ਸਤਿਆ ਪੀ. ਗੌਤਮ
33. ਡਾ. ਸ਼ਰਨਜੀਤ ਸਿੰਘ ਢਿੱਲੋਂ,
    ਰਜਿਸਟਰਾਰ . . . ਸਕੱਤਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸੈਨੇਟ ਦੀ ਇਕੱਤਰਤਾ ਵਿਚ ਸ਼ਾਮਲ ਹੋਣ 'ਤੇ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ।

ਉਪ-ਕੁਲਪਤੀ ਸਾਹਿਬ ਨੇ ਸੈਨੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ -ਡਾ. ਅੰਮ੍ਰਿਤਪਾਲ ਕੌਰ, ਡਾ. ਚਰਨਜੀਤ ਸਿੰਘ ਬੱਲ, ਡਾ. ਧਰਮਜੀਤ ਸਿੰਘ, ਡਾ.(ਮਿਸਿਜ਼) ਜਸਮੀਤ ਸੰਧੂ, ਡਾ. ਕਮਲੇਸ਼ ਸਿੰਘ ਦੁੱਗਲ, ਡਾ. ਸੁਖਦੇਵ ਸਿੰਘ ਅਤੇ ਡਾ. ਸੁਨੀਲ ਕੁਮਾਰ ਬਾਰੀਆ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਵਡਮੁੱਲੇ ਸੁਝਾਅ ਅਤੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਸੈਨੇਟ ਲਈ ਸ਼੍ਰੀ ਅਸ਼ੋਕ ਅਗਰਵਾਲ, ਡਾ. ਅਜ਼ੀਜ ਅਬਾਸ. ਡਾ. ਅਤਿਮਾ ਸ਼ਰਮਾ, ਡਾ. ਦਲਜੀਤ ਸਿੰਘ, ਮਿਸ. ਗਗਨਦੀਪ ਕੌਰ, ਮਿਸ. ਹਰਪ੍ਰੀਤ ਕੌਰ, ਮਿਸ. ਜੋਤਿਕਾ ਤਾਂਗੜੀ, ਮਿਸ. ਖੁਸ਼ਬੀਰ ਕੌਰ, ਸ. ਲਖਬੀਰ ਸਿੰਘ ਲੋਧੀਨੰਗਲ, ਮਿਸ. ਨੀਲਮ, ਡਾ. ਪੈਮੀ ਮਨਚੰਦਾ, ਡਾ. ਪਰਸ਼ੋਤਮ ਸਿੰਘ ਤਿਆਗੀ, ਡਾ. ਰਮਨਦੀਪ ਸਿੰਘ ਨਾਰੰਗ, ਡਾ.(ਮਿਸਿਜ਼) ਸੁਨਿੰਦਰ ਤੁੰਗ, ਮਿਸ. ਸਿਮਰਨਜੀਤ ਕੌਰ ਅਤੇ ਪ੍ਰੋ. ਵਿਰਸਾ ਸਿੰਘ ਵਲਟੋਹਾ ਦੀ ਨਵੇਂ ਮੈਂਬਰਾਂ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣੇ ਵੱਡਮੁੱਲੇ ਸੁਝਾਅ ਅਤੇ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸੈਨੇਟ ਦੀ ਇੱਕਤਰਤਾ ਮਿਤੀ 28.8.2015 ਦੀ ਕਾਰਵਾਈ ਦੀ ਪੁਸ਼ਟੀ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਨੇਟ ਦੀ ਇੱਕਤਰਤਾ ਮਿਤੀ 28.8.2015 ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸੈਨੇਟ ਦੀ ਇੱਕਤਰਤਾ ਮਿਤੀ 28.8.2015 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਸਮੂਹ ਮੈਂਬਰ ਸਾਹਿਬਾਨ ਵੱਲੋਂ **ਨੋਟ ਕੀਤਾ ਗਿਆ** ਕਿ ਮਿਤੀ 28.8.2015 ਨੂੰ ਹੋਈ ਸੈਨੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ ਬਾਰੇ ਸਬੰਧਤ ਵਿਭਾਗਾਂ/ਸ਼ਾਖਾਵਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

**ਮਾਲੀ ਸਾਲ 2016-17 ਦੇ ਬੱਜਟ ਅਨੁਮਾਨ ਦੀ ਪ੍ਰਵਾਨਗੀ।**

3. ਮਾਲੀ ਸਾਲ 2016-17 ਲਈ ਯੂਨੀਵਰਸਿਟੀ ਦੇ ਬੱਜਟ ਅਨੁਮਾਨ ਉਤੇ ਵਿਚਾਰ ਹੋਈ।

ਰਜਿਸਟਰਾਰ ਸਾਹਿਬ ਨੇ ਵਿੱਤੀ ਸਾਲ 2016-17 ਦੇ ਬੱਜਟ ਅਨੁਮਾਨ ਸਬੰਧੀ ਵੇਰਵਾ ਦੱਸਿਆ। ਇਸ ਸਬੰਧੀ ਮੈਂਬਰ ਸਾਹਿਬਾਨ ਨੂੰ ਹੇਠ ਲਿਖੇ ਅਨੁਸਾਰ ਨੋਟ ਪੇਸ਼ ਕੀਤਾ ਗਿਆ:-

**<u>ਸਾਲ 2015-16 ਦਾ ਲੇਖਾ ਜੋਖਾ</u>**

ਸਾਲ 2015-16 ਦਾ ਮੂਲ ਬਜਟ 54 ਕਰੋੜ 71 ਲੱਖ 24 ਹਜ਼ਾਰ ਰੁਪਏ ਦੀ ਵਾਫਰ (surplus) ਮੁਢਲੀ ਬਕਾਇਆ ਨਾਲ ਸ਼ੁਰੂ ਕੀਤਾ ਗਿਆ ਸੀ, ਜਦਕਿ ਇਸੇ ਸਾਲ ਦੇ ਸੋਧੇ ਬਜਟ ਅਨੁਮਾਨ ਵਿਚ ਵਾਫਰ(surplus) ਮੁਢਲੀ ਬਕਾਇਆ ਵੱਧ ਕੇ 128 ਕਰੋੜ 49 ਲੱਖ 81 ਹਜ਼ਾਰ ਰੁਪਏ ਹੋਵੇਗਾ। ਸਾਲ 2015-16 ਦਾ ਮੂਲ ਬੱਜਟ 338 ਕਰੋੜ 34 ਲੱਖ 75 ਹਜ਼ਾਰ ਰੁਪਏ ਦਾ ਪੇਸ਼ ਕੀਤਾ ਗਿਆ ਸੀ, ਜੋ ਕਿ ਖਰਚੇ ਨੂੰ ਘਟਾ ਕੇ ਸੋਧੇ ਬਜਟ ਅਨੁਮਾਨਾਂ ਵਿਚ 289 ਕਰੋੜ 10 ਲੱਖ 14 ਹਜ਼ਾਰ ਰੁਪਏ ਕਰ ਦਿੱਤਾ ਗਿਆ ਹੈ, ਤਾਂ ਜੋ ਅਗਲੇ ਸਾਲ ਦੇ ਵਧੇ ਹੋਏ ਖਰਚਿਆਂ ਦੀ ਪੂਰਤੀ ਲਈ ਵੱਧ ਤੋਂ ਵੱਧ ਰਾਸ਼ੀ ਉਪਲਬਧ ਹੋ ਸਕੇ। ਇਸ ਸਾਲ ਦੇ ਅੰਤ ਤੱਕ ਪੰਜਾਬ ਸਰਕਾਰ ਵਲੋਂ ਬਤੌਰ ਨਿਰਬਾਹ ਗ੍ਰਾਂਟ ਸਮੇਤ ਕਾਂਸਟੀਚਿਊਂਟ ਕਾਲਜਿਜ਼ 50 ਕਰੋੜ ਰੁਪਏ ਪ੍ਰਾਪਤ ਹੋਣ ਦੀ ਆਸ ਹੈ। ਯੂਨੀਵਰਸਿਟੀ ਦੇ ਆਪਣੇ ਵਸੀਲਿਆਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ 171 ਕਰੋੜ 51 ਲੱਖ 86 ਹਜ਼ਾਰ ਰੁਪਏ ਦਾ ਅੰਦਾਜਾ ਲਗਾਇਆ ਗਿਆ ਸੀ ਜਦਕਿ ਸੋਧੇ ਅਨੁਮਾਨਾਂ ਵਿਚ ਪ੍ਰਾਪਤ ਹੋਣ ਵਾਲੀ ਆਮਦਨ 185 ਕਰੋੜ 68 ਲੱਖ 17 ਹਜ਼ਾਰ ਰੁਪਏ ਹੋਣ ਦੀ ਆਸ ਹੈ। ਇਸ ਤਰ੍ਹਾਂ ਸਾਲ 2015-16 ਦੌਰਾਨ ਆਮਦਨ ਵਿਚ ਤਕਰੀਬਨ 14 ਕਰੋੜ ਰੁਪਏ ਦਾ ਵਾਧਾ ਅਤੇ ਖਰਚੇ ਵਿਚ ਤਕਰੀਬਨ 49 ਕਰੋੜ ਰੁਪਏ ਦੀ ਕਮੀ ਕਰਦਿਆਂ ਹੋਇਆਂ ਸਾਲ 2015-16 ਦੇ ਬਜਟ ਦਾ ਅੰਤ 75 ਕਰੋੜ 7 ਲੱਖ 84 ਹਜ਼ਾਰ ਰੁਪਏ ਦੀ ਵਾਫਰ (surplus) ਰਕਮ ਨਾਲ ਕੀਤਾ ਗਿਆ ਹੈ।

**<u>ਸਾਲ 2016-17 ਦੇ ਬਜਟ ਅਨੁਮਾਨ</u>**

ਸਾਲ 2016-17 ਦਾ ਬਜਟ 75 ਕਰੋੜ 7 ਲੱਖ 84 ਹਜ਼ਾਰ ਰੁਪਏ ਦੀ ਵਾਫਰ (surplus) ਰਕਮ ਨਾਲ ਸ਼ੁਰੂ ਹੁੰਦਾ ਹੈ। ਸਾਲ 2016-17 ਦੌਰਾਨ ਪ੍ਰਵਾਨਿਤ ਅਸਾਮੀਆਂ ਦੀ ਸੈਲਰੀ ਦਾ ਅਨੁਮਾਨਤ ਖਰਚਾ 191 ਕਰੋੜ ਰੁਪਏ ਸਲਾਨਾ ਦਾ ਹੋਵੇਗਾ। ਪੰਜਾਬ ਸਰਕਾਰ ਵਲੋਂ ਜਾਰੀ ਕੀਤੇ ਜਾਣ ਵਾਲੇ ਮਹਿੰਗਾਈ ਭੱਤੇ ਅਤੇ ਹੋਰ ਭੱਤਿਆਂ ਵਿਚ ਹੋਣ ਵਾਲੇ ਵਾਧੇ ਲਈ 12 ਕਰੋੜ ਰੁਪਏ ਦੀ ਵਿਵਸਥਾ ਬੱਜਟ ਵਿਚ ਕੀਤੀ ਗਈ ਹੈ। ਕੁੱਲ ਮਿਲਾ ਕੇ ਖਰਚੇ ਦੀ ਰਕਮ 378 ਕਰੋੜ 20 ਲੱਖ 59 ਹਜ਼ਾਰ ਰੁਪਏ ਹੋਵੇਗੀ।

ਸਾਲ 2016-17 ਦੌਰਾਨ ਪੰਜਾਬ ਸਰਕਾਰ ਵਲੋਂ ਬਤੌਰ ਨਿਰਬਾਹ ਗ੍ਰਾਂਟ ਸਮੇਤ ਕਾਂਸਟੀਚਿਊਂਟ ਕਾਲਜਿਜ਼ ਲਈ 50 ਕਰੋੜ ਰੁਪਏ ਪ੍ਰਾਪਤ ਹੋਣ ਦੀ ਆਸ ਹੈ। ਫੀਸਾਂ ਆਦਿ ਤੋਂ ਪ੍ਰਾਪਤ ਹੋਣ ਵਾਲੀ 185 ਕਰੋੜ 86 ਲੱਖ 83 ਹਜ਼ਾਰ ਰੁਪਏ ਦੀ ਆਮਦਨ ਨੂੰ ਮਿਲਾ ਕੇ ਕੁੱਲ 235 ਕਰੋੜ 86 ਲੱਖ 83 ਹਜ਼ਾਰ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਹੈ।

ਇਸ ਤਰ੍ਹਾਂ ਸਾਲ 2016-17 ਦੇ ਬੱਜਟ ਵਿਚ 67 ਕਰੋੜ 25 ਲੱਖ 92 ਹਜ਼ਾਰ ਰੁਪਏ ਦੇ ਘਾਟੇ ਦਾ ਅਨੁਮਾਨ ਹੈ। ਇਸ ਘਾਟੇ ਦੀ ਪੂਰਤੀ ਹਿਤ ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਵੱਖ-ਵੱਖ ਮੱਦਾਂ ਅਧੀਨ ਖਰਚਾ ਇਸ ਸਾਲ ਦੌਰਾਨ ਪ੍ਰਾਪਤ ਹੋਣ ਵਾਲੀ ਆਮਦਨ ਦੀ ਅਸਲ ਰਕਮ ਨੂੰ ਸਾਹਮਣੇ ਰੱਖ ਕੇ ਕੀਤਾ ਜਾਵੇ।

ਸਾਲ 2016-17 ਦੇ ਬੱਜਟ ਅਨੁਮਾਨ ਦੀ ਕੁੱਲ 378 ਕਰੋੜ 20 ਲੱਖ 59 ਹਜ਼ਾਰ ਰੁਪਏ ਦੀ ਰਾਸ਼ੀ ਵਿਚੋਂ ਕੀਤੇ ਜਾਣ ਵਾਲੇ ਖਰਚ ਦਾ ਪ੍ਰਤੀਸ਼ਤ ਇਸ ਤਰ੍ਹਾਂ ਹੋਵੇਗਾ:-

| | | |
|---|---|---|
| 1. | ਅਧਿਆਪਨ, ਅਲਾਈਡ ਅਧਿਆਪਨ, ਖੋਜ ਅਤੇ ਸਿੱਖਿਆ ਦਾ ਸੁਧਾਰ | 50.02% |
| 2. | ਨਾਨ-ਟੀਚਿੰਗ ਵਿਭਾਗ (ਹੋਸਟਲ, ਪਬਲੀਕੇਸ਼ਨ, ਐਸਟੇਟ, ਉਸਾਰੀ, ਐਨ.ਐਸ.ਐਸ., ਲੈਂਡ ਸਕੇਪ, ਗੈਸਟ ਹਾਊਸ, ਲੋਕ ਸੰਪਰਕ, ਸਿਹਤ ਕੇਂਦਰ) | 10.38% |
| 3. | ਜਨਰਲ ਐਡਮਿਨਿਸਟ੍ਰੇਸ਼ਨ | 11.43% |
| 4. | ਪ੍ਰੀਖਿਆਵਾਂ ਦਾ ਸੰਚਾਲਨ | 5.12% |
| 5. | ਆਮ ਮੱਦਾਂ (ਟੀਚਿੰਗ ਅਤੇ ਨਾਨ-ਟੀਚਿੰਗ) (ਸੇਵਾ-ਮੁਕਤੀ ਲਾਭ, ਵਹੀਕਲਜ਼,ਪ੍ਰਿੰਟਿੰਗ, ਲੀਗਲ ਖਰਚੇ, ਪੀ.ਏ.ਬੀ.ਐਕਸ., ਐਡਵਰਟਾਈਜ਼ਮੈਂਟ, ਇਨਸ਼ੋਰੈਂਸ, ਵਿਭਾਗਾਂ ਦਾ ਆਧੁਨਿਕੀਕਰਨ) | 14.93% |
| 6. | ਇਮਾਰਤਾਂ ਦੀ ਉਸਾਰੀ | 8.12% |

**ਨੋਟ**: ਉਪਰੋਕਤ ਪ੍ਰਤੀਸ਼ਤ ਵਿਚ ਕਾਂਸਟੀਚਿਊਂਟ ਕਾਲਜਿਜ਼ ਨੂੰ ਟਰਾਂਸਫਰ ਕੀਤੀ ਵਾਲੀ 9 ਕਰੋੜ ਰੁਪਏ ਦੀ ਗ੍ਰਾਂਟ ਦੀ ਰਾਸ਼ੀ ਸ਼ਾਮਲ ਨਹੀਂ ਹੈ।

ਸਾਲ 2015-16 ਦੌਰਾਨ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਆਰਥਿਕ ਮਦਦ ਲਈ 5 ਕਰੋੜ 19 ਲੱਖ ਰੁਪਏ ਦੀ ਟਿਊਸ਼ਨ ਫੀਸ (Full/Half) ਦਾ ਕਨਸੈਸ਼ਨ ਦਿੱਤਾ ਗਿਆ। ਇਸ ਤੋਂ ਇਲਾਵਾ ਸਕਾਲਰਸ਼ਿਪ ਵਜੋਂ ਅਤੇ ਅਪਾਹਿਜ ਵਿਦਿਆਰਥੀਆਂ ਦੀ ਮਦਦ ਹਿੱਤ 13 ਲੱਖ 62 ਹਜ਼ਾਰ ਰੁਪਏ ਦੀ ਰਾਸ਼ੀ ਰਿਲੀਜ਼ ਕੀਤੀ ਗਈ। "Post Matric Scholarship to SC student" ਸਕੀਮ ਅਧੀਨ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦਾ 6 ਕਰੋੜ 12 ਲੱਖ 75 ਹਜ਼ਾਰ ਰੁਪਏ ਦਾ ਫੀਸ ਕਲੇਮ ਪੰਜਾਬ ਸਰਕਾਰ ਨੂੰ ਭੇਜਿਆ ਜਾ ਚੁੱਕਾ ਹੈ।ਇਸ ਤਰ੍ਹਾਂ "Post Matric Scholarship to OBC student" ਸਕੀਮ ਅਧੀਨ ਹੋਰ ਪਛੜੀ ਜਾਤੀਆਂ ਦੇ ਕੁੱਲ 68 ਵਿਦਿਆਰਥੀਆਂ ਦਾ 38 ਲੱਖ 74 ਹਜ਼ਾਰ ਰੁਪਏ ਦਾ ਕੁੱਲ ਕਲੇਮ (ਫੀਸ ਅਤੇ ਵਜ਼ੀਫਾ) ਪੰਜਾਬ ਸਰਕਾਰ ਨੂੰ ਭੇਜਿਆ ਜਾ ਚੁੱਕਾ ਹੈ। ਇਸ ਤੋਂ ਛੁੱਟ "Post Matric Scholarship to Minority Community & Merit cum Means" ਸਕੀਮ ਅਧੀਨ ਲਗਭਗ 345 ਵਿਦਿਆਰਥੀਆਂ ਦੇ ਫਾਰਮ ਆਨਲਾਈਨ ਸਰਕਾਰ ਪਾਸ ਭੇਜੇ ਜਾ ਚੁੱਕੇ ਹਨ। ਯੂਨੀਵਰਸਿਟੀ ਵਲੋਂ ਗਰੀਬ ਵਰਗ ਦੇ ਵਿਦਿਆਰਥੀਆਂ ਦੀ ਹਰ ਪੱਖ ਤੋਂ ਮਦਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਉਚੇਰੀ ਵਿਦਿਆ ਹਾਸਲ ਕਰਕੇ ਦੇਸ਼ ਦੀ ਤਰੱਕੀ ਵਿਚ ਆਪਣਾ ਯੋਗਦਾਨ ਪਾ ਸਕਣ।

ਸਾਲ 2016 ਦੌਰਾਨ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਵਿਚੋਂ ਵਿਦਿਆ ਪ੍ਰਾਪਤ ਕਰਨ ਉਪਰੰਤ ਕੁਲ 688 ਵਿਦਿਆਰਥੀਆਂ ਦੀ ਪਲੇਸਮੇਂਟ ਭਾਰਤ ਅਤੇ ਵਿਦੇਸ਼ਾਂ ਦੀਆਂ ਉੱਚੀਆਂ ਕੰਪਨੀਆਂ ਵਿਚ ਹੋਈ ਹੈ। ਇਸ ਸਾਲ University Business School ਦੇ ਦੋ ਵਿਦਿਆਰਥੀਆਂ ਨੂੰ 21-21 ਲੱਖ ਰੁਪਏ ਦੇ ਪੈਕੇਜ ਹਾਸਲ ਹੋਏ ਹਨ ਜੋ ਕਿ ਇਸ ਯੂਨੀਵਰਸਿਟੀ ਵੱਲੋਂ ਦਿੱਤੀ ਜਾ ਰਹੀ ਮਿਆਰੀ ਵਿਦਿਆ ਦੇ ਪੱਧਰ ਨੂੰ ਦਰਸਾਉਂਦਾ ਹੈ। TCS ਕੰਪਨੀ ਵਿਚ ਨੌਕਰੀਆਂ ਲਈ ਚੁਣੇ ਗਏ ਵਿਦਿਆਰਥੀਆਂ ਨੂੰ ਇਸ ਕੰਪਨੀ ਦੁਆਰਾ ਕਰਵਾਏ ਜਾਂਦੇ ILP(Initial Learning Programme) ਨੂੰ ਇਸ ਯੂਨੀਵਰਸਿਟੀ ਵਿਚ ਹੀ ਕਰਵਾਏ ਜਾਣ ਦਾ ਨਿਰਣਾ ਲਿਆ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਉੱਤਰੀ ਭਾਰਤ ਦਾ ਪਹਿਲਾ ਅਜਿਹਾ ਅਦਾਰਾ ਹੈ ਜਿੱਥੇ TCS ਕੰਪਨੀ ਵੱਲੋਂ ਇਹ ਟਰੇਨਿੰਗ ਦਿੱਤੀ ਜਾਵੇਗੀ।

ਕਾਲਜ ਵਿਦਿਆਰਥੀਆਂ ਨੂੰ ਸਪੋਰਟਸ ਅਤੇ ਕਲਚਰਲ ਗਤੀਵਿਧੀਆਂ ਵਿਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਿਤ ਕਰਨ ਲਈ ਖਿਡਾਰੀਆਂ ਅਤੇ ਕੋਚਾਂ ਦੇ ਮਾਨ-ਭੱਤੇ, ਡੀ.ਏ. ਅਤੇ ਡਾਈਟ ਦੀਆਂ ਦਰਾਂ ਵਿਚ ਵਾਧਾ ਕੀਤਾ ਗਿਆ ਹੈ। ਇਸ ਸਾਲ ਪਿਛਲੇ ਮਹੀਨੇ ਹੋਈਆਂ South Asian Games (SAF) ਵਿਚ ਇਸ ਯੂਨੀਵਰਸਿਟੀ ਦੇ ਖਿਡਾਰੀਆਂ ਨੇ ਭਾਰਤ ਵੱਲੋਂ ਖੇਡਦਿਆਂ ਚਾਰ ਸੋਨੇ ਦੇ ਤਗਮੇ ਹਾਸਲ ਕੀਤੇ ਹਨ, ਜੋ ਕਿ ਇਕ ਮਾਣ ਵਾਲੀ ਗੱਲ ਹੈ। ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਦੌਰਾਨ ਵੀ ਵੱਧ ਤੋਂ ਵੱਧ ਯੁਵਕ ਮੇਲੇ ਅਤੇ ਖੇਡ ਮੁਕਾਬਲੇ ਆਯੋਜਿਤ ਕਰਵਾਏ ਜਾ ਰਹੇ ਹਨ। ਇਸ ਤੋਂ ਛੁੱਟ ਤਕਰੀਬਨ ਹਰੇਕ ਵਿਭਾਗ ਵਲੋਂ ਵਿਦਿਆਰਥੀਆਂ ਲਈ ਵਿਦਿਅਕ

ਟੂਰ ਕਰਵਾਏ ਜਾਣ ਦੇ ਨਾਲ ਨਾਲ ਸਮੇਂ ਸਮੇਂ 'ਤੇ ਨੈਸ਼ਨਲ/ਇੰਟਰ-ਨੈਸ਼ਨਲ ਸੈਮੀਨਾਰ ਅਤੇ ਕਾਨਫਰੰਸਾਂ ਦਾ ਆਯੋਜਨ ਕਰਕੇ ਦੂਰ ਦੂਰ ਤੋਂ, ਇਥੋਂ ਤੱਕ ਕੇ ਵਿਦੇਸ਼ਾਂ ਤੋਂ ਵੀ ਸਬੰਧਤ ਵਿਸ਼ੇ ਦੇ ਵਿਦਿਅਕ ਮਾਹਿਰ ਬੁਲਾ ਕੇ ਵਿਦਿਆਰਥੀਆਂ ਨੂੰ ਇਨ੍ਹਾਂ ਮਾਹਿਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ।

ਵਿਦਿਆਰਥੀਆਂ ਨੂੰ ਕਿੱਤਾ-ਮੁਖੀ ਕੋਰਸਾਂ ਵਿਚ ਵੱਧ ਤੋਂ ਵੱਧ ਮੌਕੇ ਦੇ ਕੇ ਉਨ੍ਹਾਂ ਨੂੰ ਸਮਾਜ ਵਿਚ ਆਪਣੇ ਆਪ ਨੂੰ ਸਥਾਪਿਤ ਕਰ ਸਕਣ ਦੇ ਆਸ਼ੇ ਨੂੰ ਧਿਆਨ ਵਿਚ ਰੱਖਦੇ ਯੂਨੀਵਰਸਿਟੀ ਵਿਖੇ University Institute of Technology(UIT) ਸਥਾਪਿਤ ਕੀਤਾ ਜਾ ਰਿਹਾ ਹੈ। ਇਸ ਦੀ ਸਥਾਪਨਾ ਹਿੱਤ ਯੂਨੀਵਰਸਿਟੀ ਦੇ ਸਾਲ 2016-17 ਦੇ ਬੱਜਟ ਵਿਚ 20 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਇਸ ਇੰਸਟੀਚਿਊਟ ਵਿਚ Civil, Mechanical, Electrical, ਅਤੇ Chemical Engineering ਦੇ ਵਿਭਾਗ ਸ਼ੁਰੂ ਕਰਨ ਦੀ ਤਜਵੀਜ਼ ਹੈ।

ਯੂਨੀਵਰਸਿਟੀ ਵੱਲੋਂ ਪਿੰਡਾਂ ਦੀ ਨੁਹਾਰ ਬਦਲਣ ਲਈ ਪੰਜ ਪਿੰਡ ਲੁੱਧੜ, ਬਦਾਦਪੁਰਾ, ਚੁੰਘ, ਮਿੱਠੜਾ ਅਤੇ ਗੁਗਰਾਂ ਨੂੰ ਅਡਾਪਟ ਕਰਦਿਆਂ ਇਨ੍ਹਾਂ ਪਿੰਡਾਂ ਦੇ ਲੋਕਾਂ ਦੀ ਸਿਹਤ, ਵਿਦਿਆ ਅਤੇ ਆਰਥਿਕ ਤਰੱਕੀ ਲਈ ਪਾਲਿਸੀ ਤਿਆਰ ਕੀਤੀ ਜਾ ਰਹੀ ਹੈ ਜਿਸ ਵਾਸਤੇ ਹਰੇਕ ਪਿੰਡ ਲਈ ਇਕ-ਇਕ ਲੱਖ ਰੁਪਏ ਦੀ ਵਿਵਸਥਾ ਕੀਤੀ ਗਈ ਹੈ।

ਯੂਨੀਵਰਸਿਟੀ ਨੂੰ UPE ਦਾ status ਪ੍ਰਾਪਤ ਹੋਣ ਕਰਕੇ ਇਸ ਵੇਲੇ ਲਗਭਗ 200 Full-Time Non NET Ph.D. Scholars, ਜਿਨ੍ਹਾਂ ਨੂੰ ਕਿਸੇ ਹੋਰ ਸੋਮੇ ਤੋਂ Fellowship ਨਹੀਂ ਮਿਲ ਰਹੀਂ, ਨੂੰ 8000 ਰੁਪਏ ਪ੍ਰਤੀ ਮਹੀਨਾ ਦੀ Fellowship ਅਤੇ 10000 ਰੁਪਏ ਸਾਇੰਸ ਵਿਸ਼ੇ ਅਤੇ 8000 ਰੁਪਏ ਆਰਟਸ ਵਿਸ਼ੇ ਲਈ ਪ੍ਰਤੀ ਸਾਲ Contingency ਦਿੱਤੀ ਜਾ ਰਹੀ ਹੈ।

ਯੂਨੀਵਰਸਿਟੀ ਨੂੰ ਬਾਹਰ੍ਹਵੀਂ ਪਲਾਨ ਅਧੀਨ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ Development Assistance Scheme ਵਾਸਤੇ 26 ਕਰੋੜ 31 ਲੱਖ ਰੁਪਏ ਦੀ ਰਾਸ਼ੀ ਐਲੋਕੇਟ ਕੀਤੀ ਗਈ ਹੈ, ਜਿਸ ਵਿਚੋਂ 10 ਕਰੋੜ ਰੁਪਏ ਦੀ ਰਾਸ਼ੀ Non-NET Ph.D. Research Scholar ਦੀ Fellowship/ Contigency ਲਈ ਸ਼ਾਮਲ ਹੈ। 26 ਕਰੋੜ 31 ਲੱਖ ਰੁਪਏ ਦੀ ਪ੍ਰਵਾਨਤ ਰਾਸ਼ੀ ਵਿਚੋਂ ਸਾਲ 2012-13 ਅਤੇ 2013-14 ਦੌਰਾਨ 10 ਕਰੋੜ 52 ਲੱਖ 40 ਹਜ਼ਾਰ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ। UGC ਵੱਲੋਂ ਸਾਲ 2015-16 ਦੌਰਾਨ 10 ਕਰੋੜ 52 ਲੱਖ 40 ਹਜ਼ਾਰ ਰੁਪਏ ਦੀ ਅਗਲੀ ਕਿਸ਼ਤ ਦੀ ਪ੍ਰਵਾਨਗੀ ਪ੍ਰਾਪਤ ਹੋ ਚੁੱਕੀ ਹੈ।

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ DRS-SAP ਸਕੀਮ (1.4.2015 ਤੋਂ 31.3.2020) ਤਹਿਤ ਸਾਲ 2015-16 ਦੌਰਾਨ Botanical and Environmental Sciences ਵਿਭਾਗ ਨੂੰ 1 ਕਰੋੜ 7 ਲੱਖ ਰੁਪਏ ਅਤੇ ਫਿਜਿਕਸ ਵਿਭਾਗ ਨੂੰ 64 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ SAP DRS III ਸਕੀਮ ਤਹਿਤ ਸਾਲ 2015-16 ਦੌਰਾਨ Punjab School of Economics ਨੂੰ 90 ਲੱਖ 50 ਹਜ਼ਾਰ ਰੁਪਏ, School of Punjabi Studies ਨੂੰ 61 ਲੱਖ 95 ਹਜ਼ਾਰ ਰੁਪਏ ਅਤੇ Sociology ਵਿਭਾਗ ਨੂੰ 84 ਲੱਖ ਰੁਪਏ ਦੀ ਗ੍ਰਾਂਟ ਪ੍ਰਵਾਨ ਹੋਈ ਹੈ।

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ CAS-II Under SAP scheme (1.4.2015 ਤੋਂ 31.3.2020) ਤਹਿਤ ਸਾਲ 2015-16 ਦੌਰਾਨ Chemistry ਵਿਭਾਗ ਨੂੰ ਬਜਟ ਮੱਦ "Recurring Grant" ਸਬੰਧੀ 10 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ ਅਤੇ ਬਜਟ ਮੱਦ "Non-Recurring Grant" ਸਬੰਧੀ 2 ਕਰੋੜ 50 ਲੱਖ ਰੁਪਏ ਦੀ ਗ੍ਰਾਂਟ ਪ੍ਰਵਾਨ ਹੋਈ ਹੈ।

ਵੱਖ-ਵੱਖ ਵਿਭਾਗਾਂ ਵਿਚ ਕੰਮ ਕਰ ਰਹੇ ਅਧਿਆਪਕ ਸਾਹਿਬਾਨਾਂ ਨੂੰ ਵੱਖ-ਵੱਖ ਏਜੰਸੀਆਂ ਵਲੋਂ ਪ੍ਰੋਜੈਕਟਾਂ ਲਈ ਇਸ ਸਾਲ (2015-16) ਦੌਰਾਨ 16 ਕਰੋੜ 44 ਲੱਖ 22 ਹਜ਼ਾਰ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਹੈ।

ਵੱਖ-ਵੱਖ Funding Agencies ਪਾਸੋਂ ਅੱਲਗ-ਅਲੱਗ ਸਕੀਮਾਂ ਅਧੀਨ ਪ੍ਰਾਪਤ ਗ੍ਰਾਂਟਾਂ ਵਿੱਚ ਲਗਭਗ 500 Research Scholars ਵੱਖ-ਵੱਖ ਵਿਸ਼ਿਆਂ 'ਤੇ Research ਦਾ ਕੰਮ ਕਰ ਰਹੇ ਹਨ।

DST-PURSE ਸਕੀਮ ਅਧੀਨ Department of Science & Technology, New Delhi ਵਲੋਂ ਪ੍ਰਵਾਨਤ 9 ਕਰੋੜ ਰੁਪਏ ਦੀ ਗ੍ਰਾਂਟ ਦੀ ਤੀਸਰੀ ਕਿਸ਼ਤ 3 ਕਰੋੜ ਰੁਪਏ ਦੀ ਰਾਸ਼ੀ ਪ੍ਰਾਪਤ ਹੋ ਚੁੱਕੀ ਹੈ।

ਯੂ.ਜੀ.ਸੀ. ਵੱਲੋਂ Human Resource Development Centre ਲਈ ਪ੍ਰਵਾਨਿਤ 1 ਕਰੋੜ ਰੁਪਏ ਪ੍ਰਤੀ ਸਾਲ ਦੀ ਗ੍ਰਾਂਟ ਵਿਚੋਂ ਸਾਲ 2015-16 ਦੌਰਾਨ 50 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ

ਹੋ ਚੁੱਕੀ ਹੈ।

RUSA ਸਕੀਮ ਅਧੀਨ ਯੂਨੀਵਰਸਿਟੀ ਨੂੰ ਸਾਲ 2014-15 ਦੌਰਾਨ 10 ਕਰੋੜ ਰੁਪਏ ਦੀ ਗ੍ਰਾਂਟ ਦੀ ਪ੍ਰਵਾਨਗੀ ਪ੍ਰਾਪਤ ਹੋਈ ਸੀ।ਇਸ ਸਕੀਮ ਤਹਿਤ ਸਾਲ 2014-15 ਦੌਰਾਨ 2 ਕਰੋੜ 50 ਲੱਖ ਰੁਪਏ ਅਤੇ ਸਾਲ 2015-16 ਦੌਰਾਨ 5 ਕਰੋੜ ਰੁਪਏ ਦੀ ਹੋਰ ਗ੍ਰਾਂਟ ਪ੍ਰਾਪਤ ਹੋਈ ਹੈ।ਇਸ ਤਰ੍ਹਾਂ ਕੁੱਲ 7 ਕਰੋੜ 50 ਲੱਖ ਰੁਪਏ ਦੀ ਪ੍ਰਾਪਤ ਹੋਈ ਗ੍ਰਾਂਟ ਵਿਚੋਂ ਲੜਕਿਆਂ ਦੇ ਹੋਸਟਲ ਦੀ ਉਸਾਰੀ ਵਾਸਤੇ 3 ਕਰੋੜ 50 ਲੱਖ ਰੁਪਏ, ਪ੍ਰਬੰਧਕੀ ਬਲਾਕ ਦੀ Renovation ਅਤੇ Up-gradation ਵਾਸਤੇ 55 ਲੱਖ ਰੁਪਏ, ਭਾਈ ਗੁਰਦਾਸ ਲਾਇਬ੍ਰੇਰੀ ਦੀ Renovation ਅਤੇ Up-Gradation ਵਾਸਤੇ 1 ਕਰੋੜ 50 ਲੱਖ ਰੁਪਏ, Research Journals ਦੀ ਖ਼੍ਰੀਦ ਲਈ 70 ਲੱਖ ਰੁਪਏ, ਨਵੀਆਂ ਕਿਤਾਬਾਂ ਦੀ ਖ਼੍ਰੀਦ ਲਈ 65 ਲੱਖ ਰੁਪਏ ਅਤੇ Sports ਵਿਭਾਗ ਲਈ equipments ਦੀ ਖ਼੍ਰੀਦ ਲਈ 60 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ।

UGC ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੀ ਸਥਾਪਨਾ ਲਈ 5 ਸਾਲ ਵਾਸਤੇ ਗ੍ਰਾਂਟ ਪ੍ਰਾਪਤ ਹੋਈ ਸੀ ਜਿਸ ਦੀ ਮਿਆਦ ਮਿਤੀ 31.3.2016 ਨੂੰ ਖਤਮ ਹੋ ਰਹੀ ਹੈ। ਯੂਨੀਵਰਸਿਟੀ ਦੁਆਰਾ ਬੇਨਤੀ ਕਰਨ ਉਪਰੰਤ ਇਸ ਦੀ ਬਕਾਇਆ ਰਾਸ਼ੀ ਨੂੰ Mid Term Review ਤੱਕ ਵਰਤਣ ਦੀ ਪ੍ਰਵਾਨਗੀ ਪ੍ਰਾਪਤ ਹੋ ਚੁੱਕੀ ਹੈ, ਅਤੇ UGC ਵੱਲੋਂ Mid Term Review ਕਰਨ ਲਈ Inspection Committee ਦੀਆਂ ਸਿਫਾਰਸ਼ਾਂ ਨੂੰ ਮੁਖ ਰੱਖਦੇ ਹੋਏ ਕੇਂਦਰ ਦੀ ਮਿਆਦ ਵਿਚ ਵਾਧੇ ਸਬੰਧੀ ਫੈਸਲਾ ਲਿਆ ਜਾਵੇਗਾ।

ਪੰਜਾਬ ਸਰਕਾਰ ਵੱਲੋਂ ਯੂਨੀਵਰਸਿਟੀ ਨੂੰ ਅਲਾਟ ਕੀਤੇ ਗਏ ਕਾਂਸਟੀਚਿਊਂਟ ਕਾਲਜ ਵਧੀਆ ਤਰੀਕੇ ਨਾਲ ਚਲ ਰਹੇ ਹਨ। ਪੰਜਾਬ ਸਰਕਾਰ ਵੱਲੋਂ ਪਹਿਲਾਂ 4 ਕਾਂਸਟੀਚਿਊਂਟ ਕਾਲਜਾਂ ਲਈ ਗ੍ਰਾਂਟ ਜਾਰੀ ਕੀਤੀ ਜਾਂਦੀ ਸੀ ਮਾਨਯੋਗ ਉਪ-ਕੁਲਪਤੀ ਜੀ ਦੇ ਉਚੇਚੇ ਯਤਨਾਂ ਸਦਕਾ ਪੰਜਾਬ ਸਰਕਾਰ ਵੱਲੋਂ ਦੋ ਨਵੇਂ ਅਲਾਟ ਕੀਤੇ ਗਏ ਕਾਂਸਟੀਚਿਊਂਟ ਕਾਲਜ (ਪੱਟੀ ਅਤੇ ਸਠਿਆਲਾ) ਲਈ ਵੀ ਗ੍ਰਾਂਟ ਜਾਰੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।ਹੁਣ ਹਰ ਸਾਲ 6 ਕਾਂਸਟੀਚਿਊਂਟ ਕਾਲਜਾਂ ਦੀ ਗ੍ਰਾਂਟ ਪ੍ਰਾਪਤ ਹੋਇਆ ਕਰੇਗੀ।

ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿਖੇ University Business School ਦੀ ਬਿਲਡਿੰਗ ਦੀ ਉਸਾਰੀ ਦਾ ਕੰਮ ਬੜੀ ਤੇਜੀ ਨਾਲ ਚੱਲ ਰਿਹਾ ਹੈ। ਇਸ ਸਾਲ ਜੁਲਾਈ ਮਹੀਨੇ ਵਿਚ ਇਹ ਵਿਭਾਗ ਇਸ ਬਿਲਡਿੰਗ ਵਿਚ ਸ਼ਿਫਟ ਹੋ ਜਾਵੇਗਾ। ਇਸ ਤੋਂ ਇਲਾਵਾ ਇਸ ਸਮੇਂ ਲੜਕੇ ਅਤੇ ਲੜਕੀਆਂ ਲਈ ਹੋਸਟਲ ਅਤੇ ਸਪੋਰਟਸ ਹੋਸਟਲ, ਹੈਲਥ ਸੈਂਟਰ ਦੀ ਰੈਨੋਵੇਸ਼ਨ, ਏਸ਼ੀਆ ਹਾਊਸ ਵਿਖੇ ਲੈਕਚਰ ਹਾਲ ਆਦਿ ਬਿਲਡਿੰਗਾਂ ਉਸਾਰੀ ਅਧੀਨ ਹਨ। ਕਾਂਸਟੀਚਿਊਂਟ ਕਾਲਜ ਵੇਰਕਾ, ਪੱਟੀ, ਰਿਜਨਲ ਕੈਂਪਸ, ਸਠਿਆਲਾ ਵਿਖੇ ਲੈਬਾਰਟਰੀਜ਼ ਅਤੇ ਵਰਕਸ਼ਾਪਜ਼ ਦੀਆਂ ਬਿਲਡਿੰਗਾਂ ਦੀ ਉਸਾਰੀ ਚੱਲ ਰਹੀ ਹੈ।

ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿਖੇ ਅਗਲੇ ਸਾਲ ਤੋਂ ਨਵੇਂ ਸਥਾਪਿਤ ਕੀਤੇ ਜਾ ਰਹੇ University Institute of Technology ਦੀ ਬਿਲਡਿੰਗ ਦਾ ਕੰਮ ਵੀ ਆਰੰਭਿਆ ਜਾਣਾ ਹੈ। ਇਸ ਤੋਂ ਇਲਾਵਾ ਯੂਨੀਵਰਸਿਟੀ ਵਿਖੇ ਲੜਕੀਆਂ ਲਈ ਇਕ ਵੱਖਰਾ ਫੂਡ ਕੋਰਟ ਅਤੇ ਇਕ ਕਾਮਨ ਫੂਡ ਕੋਰਟ ਬਨਾਉਣ ਦੀ ਵੀ ਤਜਵੀਜ਼ ਹੈ।ਇਸ ਤੋਂ ਛੁੱਟ ਯੂਨੀਵਰਸਿਟੀ ਦੀ ਭਾਈ ਗੁਰਦਾਸ ਲਾਇਬ੍ਰੇਰੀ, ਪ੍ਰਬੰਧਕੀ ਬਲਾਕ ਅਤੇ ਯੂਨੀਵਰਸਿਟੀ ਨੂੰ ਅਲਾਟ ਕੀਤੇ ਕਾਂਸਟੀਚਿਊਂਟ ਕਾਲਜਾਂ ਦੀ ਰੈਨੋਵੇਸ਼ਨ ਅਤੇ ਰਿਪੇਅਰ ਦੇ ਕੰਮ ਵੀ ਕੀਤੇ ਜਾਣੇ ਹਨ।

ਬੱਜਟ ਬਾਰੇ ਆਮ ਬਹਿਸ ਵਿਚ ਹਿੱਸਾ ਲੈਂਦਿਆਂ ਮੈਂਬਰ ਸਾਹਿਬਾਨ ਵੱਲੋਂ ਹੇਠ ਲਿਖੇ ਅਨੁਸਾਰ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਗਏ:-

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਕਿਹਾ ਕਿ ਸਾਡੇ ਕੋਲ ਵਿਦਿਆਰਥੀਆਂ ਦੀ ਗਿਣਤੀ 8000 ਤੋਂ ਵਧ ਕੇ 25000 ਹੋ ਗਈ ਹੈ। ਤਕਰੀਬਨ 2500 ਵਿਦਿਆਰਥੀਆਂ ਨੂੰ ਫੀਸ ਵਿਚ ਛੋਟ ਦਿੱਤੀ ਗਈ ਹੈ। ਲਗਭਗ 500 ਵਿਦਿਆਰਥੀ ਅਨੁਸੂਚਿਤ ਜਾਤੀ ਅਤੇ ਪਛੜੀ ਸ਼੍ਰੇਣੀ ਦੀ ਫੈਲੋਸ਼ਿਪ ਲੈ ਰਹੇ ਹਨ ਅਤੇ ਲਗਭਗ 7500 ਵਿਦਿਆਰਥੀ ਪਿਛਲੇ ਚਾਰ ਸਾਲਾਂ ਤੋਂ ਵਿੱਤੀ ਸਹਾਇਤਾ ਲੈ ਰਹੇ ਹਨ। ਅਜਿਹੇ

ਵਿਦਿਆਰਥੀਆਂ ਤੋਂ ਯੂਨੀਵਰਸਿਟੀ ਵੱਲੋਂ ਕੋਈ ਫੀਸ ਨਹੀਂ ਲਈ ਜਾਂਦੀ। ਸਾਡੀ ਯੂਨੀਵਰਸਿਟੀ ਨੂੰ ਯੂ.ਜੀ.ਸੀ. ਵੱਲੋਂ Potential for Excellence ਮਿਲਿਆ ਹੈ। ਵਿੱਤੀ ਸਾਲ 2015-16 ਦੌਰਾਨ ਖਰਚਾ ਕਾਫੀ ਵੱਧ ਗਿਆ ਹੈ ਕਿਉਂ ਕਿ ਇਸ ਸਾਲ ਵਿਦਿਆਰਥੀਆਂ ਦੀ ਫੀਸ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ। ਅਗਲੇ ਸਾਲ ਤੋਂ ਡੀ.ਏ. ਦੀ ਕਿਸ਼ਤ ਵੀ ਵੱਧ ਰਹੀ ਹੈ। ਖਾਲੀ ਅਸਾਮੀਆਂ ਭਰਨ ਕਰਕੇ ਵੀ ਖਰਚਾ ਵੱਧ ਗਿਆ ਹੈ। ਸੱਤਵੇਂ ਪੇਅ ਕਮਿਸ਼ਨ ਦੇ ਲਾਗੂ ਹੋਣ 'ਤੇ ਖਰਚਾ ਹੋਰ ਵੀ ਵੱਧ ਸਕਦਾ ਹੈ। ਸਾਡੀ ਯੂਨੀਵਰਸਿਟੀ ਨੂੰ ਪੰਜਾਬ ਸਰਕਾਰ ਵੱਲੋਂ ਸਿਰਫ 50 ਕਰੋੜ ਰੁਪਏ ਦੀ ਗ੍ਰਾਂਟ ਹੀ ਮਿਲੀ ਹੈ। ਜਦਕਿ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੂੰ 220 ਕਰੋੜ ਰੁਪਏ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ 60 ਕਰੋੜ ਰੁਪਏ ਦੀ ਗ੍ਰਾਂਟ ਪੰਜਾਬ ਸਰਕਾਰ ਪਾਸੋਂ ਮਿਲੀ ਹੈ। ਅਸੀਂ ਯੂਨੀਵਰਸਿਟੀ ਵਿਚ ਯੂਨੀਵਰਸਿਟੀ ਬਿਜਨੈਸ ਸਕੂਲ ਦੀ ਇਮਾਰਤ ਦੀ ਉਸਾਰੀ ਕਰ ਰਹੇ ਹਾਂ। ਇਸ ਸਾਲ 1100 ਵਿਦਿਆਰਥੀਆਂ ਨੂੰ ਯੂਨੀਵਰਸਿਟੀ ਬਿਜਨੈਸ ਸਕੂਲ ਦੀ ਇਮਾਰਤ ਵਿਚ ਸ਼ਿਫਟ ਕੀਤਾ ਜਾ ਰਿਹਾ ਹੈ। ਯੂਨੀਵਰਸਿਟੀ ਲਈ scientific instruments ਦੀ ਖ੍ਰੀਦ ਲਈ 60 ਕਰੋੜ ਰੁਪਏ ਖਰਚ ਕੀਤੇ ਗਏ ਹਨ। ਵਿੱਤੀ ਸਾਲ 2017-18 ਵਿਚ ਅਸੀਂ ਯੂਨੀਵਰਸਿਟੀ ਵਿਚ 'ਯੂਨੀਵਰਸਿਟੀ ਇੰਸਟੀਚਿਊਟ ਆਫ ਟੈਕਨਾਲੋਜੀ' ਦੀ ਇਮਾਰਤ ਦੀ ਉਸਾਰੀ ਕਰਨ ਜਾ ਰਹੇ ਹਾਂ। ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦਾ ਅੰਡਰ-ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਕਲਾਸਾਂ ਵਿਚ ਦਾਖਲੇ ਲਈ ਵੱਧ ਰਿਹਾ ਰੁਝਾਨ ਯੂਨੀਵਰਸਿਟੀ ਵੱਲੋਂ ਦਿੱਤੀ ਜਾ ਰਹੀ ਉੱਚ ਦਰਜੇ ਦੀ ਸਿੱਖਿਆ ਨੂੰ ਦਰਸਾਉਂਦਾ ਹੈ। ਯੂਨੀਵਰਸਿਟੀ ਵੱਲੋਂ ਯੂਨੀਵਰਸਿਟੀ ਕੈਂਪਸ, ਰਿਜਨਲ ਕੈਂਪਸਜ਼ ਅਤੇ ਕਾਂਸਟੀਚਿਊਂਟ ਕਾਲਜਾਂ ਦੇ 25000 ਵਿਦਿਆਰਥੀਆਂ ਨੂੰ ਸਫਲਤਾ-ਪੂਰਵਕ ਵਧੀਆ ਐਜੂਕੇਸ਼ਨ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਯੂਨੀਵਰਸਿਟੀ ਦੀ ਤਰੱਕੀ ਲਈ ਯੂਨੀਵਰਸਿਟੀ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਕਰਮਚਾਰੀਆਂ ਵੱਲੋਂ ਦਿੱਤੇ ਸਹਿਯੋਗ ਦੀ ਪ੍ਰਸੰਸ਼ਾ ਕੀਤੀ। ਉਨ੍ਹਾਂ ਕਿਹਾ ਕਿ ਅਸੀਂ 2000 ਵਿਦਿਆਰਥੀਆਂ ਦੀ ਸਮਰੱਥਾ ਵਾਲਾ ਇਕ Professional Institute of Technology ਵੀ ਸਥਾਪਿਤ ਕਰਨ ਜਾ ਰਹੇ ਹਾਂ, ਜਿਸ ਵਿਚ ਪ੍ਰੋਫੈਸ਼ਨਲ ਕੋਰਸ ਸ਼ੁਰੂ ਕੀਤੇ ਜਾਣਗੇ। ਦੇਸ਼ ਦੀਆਂ ਲਗਭਗ 90% ਯੂਨੀਵਰਸਿਟੀਆਂ ਵਿੱਤੀ ਸੰਕਟ ਵਿੱਚ ਹਨ। ਤੁਸੀਂ ਦੇਖ ਸਕਦੇ ਹੋ ਕਿ ਪੰਜਾਬ ਦੀਆਂ ਹੋਰ ਯੂਨੀਵਰਸਿਟੀਆਂ ਵਧੀ ਹੋਈ ਡੀ.ਏ. ਦੀ ਕਿਸ਼ਤ ਵੀ ਦੇਣ ਦੀ ਹਾਲਤ ਵਿਚ ਨਹੀਂ ਹਨ। ਜਦੋਂ ਕਿ ਸਾਡੀ ਯੂਨੀਵਰਸਿਟੀ ਵਧੇ ਹੋਏ ਡੀ.ਏ. ਦੇ ਨਾਲ-ਨਾਲ ਰਿਟਾਇਰਡ ਵਿਅਕਤੀਆਂ ਨੂੰ ਉਨ੍ਹਾਂ ਦੇ ਬਣਦੇ ਸਾਰੇ retiral benefits ਵੀ ਨਾਲੋਂ-ਨਾਲ ਅਦਾ ਕਰ ਰਹੀ ਹੈ। ਅਸੀਂ 6% ਡੀ.ਏ. ਦੀ ਕਿਸ਼ਤ ਦਾ ਏਰੀਅਰ ਵੀ ਦੇ ਦਿੱਤਾ ਹੈ। ਵਿਦਿਆਰਥੀਆਂ ਦੀ ਫੀਸ ਘੱਟ ਨਹੀਂ ਕੀਤੀ ਜਾ ਸਕਦੀ ਕਿਉਂ ਕਿ ਫੀਸ ਦੇ ਸਿਰ 'ਤੇ ਹੀ ਯੂਨੀਵਰਸਿਟੀ ਚਲ ਰਹੀ ਹੈ। ਅਸੀਂ ਵਧੀਆ scientific instruments ਵੀ ਖ੍ਰੀਦ ਰਹੇ ਹਾਂ ਤਾਂ ਜੋ ਪੀਐਚ.ਡੀ. ਕਰ ਰਹੇ ਵਿਦਿਆਰਥੀ ਵਧੀਆ ਤਰੀਕੇ ਨਾਲ ਆਪਣੀ ਖੋਜ ਦਾ ਕੰਮ ਕਰ ਸਕਣ। ਅਸੀਂ ਪ੍ਰੀ-ਪੀਐਚ.ਡੀ. ਅਤੇ ਕਰੈਡਿਟ ਬੇਸਡ ਕੋਰਸ ਸ਼ੁਰੂ ਕੀਤੇ ਹਨ। ਭਾਰਤ ਦੀਆਂ

ਯੂਨੀਵਰਸਿਟੀਆਂ ਵਿਚੋਂ ਸਾਡੀ ਯੂਨੀਵਰਸਿਟੀ ਦਾ ਗਿਆਰਵਾਂ ਸਥਾਨ ਹੈ।

**ਪ੍ਰਿੰਸੀਪਲ ਜਗਦੀਸ਼ ਸਿੰਘ**

ਉਨ੍ਹਾਂ ਕਿਹਾ ਕਿ ਉਪ-ਕੁਲਪਤੀ ਸਾਹਿਬ ਅਤੇ ਰਜਿਸਟਰਾਰ ਸਾਹਿਬ ਨੇ ਬਹੁਤ ਵਧੀਆ ਬੱਜਟ ਪੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਬੱਜਟ ਵਿਚ ਘਾਟਾ ਕਾਫੀ ਵੱਧ ਰਿਹਾ ਹੈ। ਭਵਿੱਖ ਵਿਚ ਇਹ ਹੋਰ ਵੀ ਵੱਧ ਸਕਦਾ ਹੈ। ਇਸ ਲਈ ਹੋਰ ਜ਼ਿਆਦਾ finance ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਉਹ ਲਗਭਗ ਪਿਛਲੇ 20-25 ਸਾਲਾਂ ਤੋਂ ਸੈਨੇਟ ਦੀਆਂ ਮੀਟਿੰਗਾਂ ਅਟੈਂਡ ਕਰਦੇ ਆ ਰਹੇ ਹਨ। ਘਾਟੇ ਵਾਲੇ ਬੱਜਟ ਦੀ ਮੁਸ਼ਕਲ ਹਰ ਵਾਰ ਪੇਸ਼ ਆਉਂਦੀ ਹੈ। ਸਰਕਾਰ ਪਾਸੋਂ ਯੂਨੀਵਰਸਿਟੀ ਨੂੰ ਗ੍ਰਾਂਟ ਕਾਫੀ ਘੱਟ ਮਿਲਦੀ ਹੈ। ਸਾਨੂੰ ਘੱਟੋ-ਘੱਟ 100 ਕਰੋੜ ਰੁਪਏ ਦੀ ਗ੍ਰਾਂਟ ਦੀ ਜ਼ਰੂਰਤ ਸੀ ਪਰ ਸਾਡੀ ਯੂਨੀਵਰਸਿਟੀ ਨੂੰ ਸਿਰਫ 50 ਕਰੋੜ ਰੁਪਏ ਦੀ ਗ੍ਰਾਂਟ ਹੀ ਸਰਕਾਰ ਪਾਸੋਂ ਮਿਲੀ ਹੈ। ਇਸ ਇੰਸਟੀਚਿਊਟ ਨੂੰ ਚਲਾਉਣਾ ਸਰਕਾਰ ਦਾ ਫਰਜ ਹੈ। ਪ੍ਰਾਈਵੇਟ ਇੰਸਟੀਚਿਊਟ ਸਿਰਫ ਪੈਸਾ ਕਮਾਉਣ ਵਿਚ ਹੀ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਉਪ-ਕੁਲਪਤੀ ਸਾਹਿਬ ਸਹੀ ਕਹਿ ਰਹੇ ਹਨ ਕਿ ਸਾਡੀ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਦੀ ਫੀਸ ਤੱਕ ਨਹੀਂ ਵਧਾਈ ਜਾ ਰਹੀ।ਯੂਨੀਵਰਸਿਟੀ ਦੀ ਇਨਕਮ ਦੇ ਸੋਮੇ ਵਿਦਿਆਰਥੀਆਂ ਤੋਂ ਲਈ ਜਾਣ ਵਾਲੀ ਫੀਸ ਅਤੇ ਸਰਕਾਰ ਪਾਸੋਂ ਮਿਲਣ ਵਾਲੀ ਗ੍ਰਾਂਟ ਹੀ ਹੈ। ਸਾਡੀ ਯੂਨੀਵਰਸਿਟੀ ਦੀ ਫੀਸ ਬਾਕੀ ਯੂਨੀਵਰਸਿਟੀਆਂ ਨਾਲੋਂ ਕਾਫੀ ਘੱਟ ਹੈ। ਇਸ ਗੱਲ 'ਤੇ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ ਕਿ ਯੂਨੀਵਰਸਟੀ ਲਈ ਜ਼ਿਆਦਾ ਰਕਮ ਦਾ ਪ੍ਰਬੰਧ ਕਿਵੇਂ ਕੀਤਾ ਜਾਵੇ?ਇੱਥੇ ਇਕ ਮੁਸ਼ਕਲ ਇਹ ਵੀ ਹੈ ਕਿ ਵਿਦਿਆਰਥੀਆਂ ਦਾ ਪੰਜਾਬੀ ਭਾਸ਼ਾ ਦਾ ਉਚਾਰਨ ਇੰਨਾ ਵਧੀਆ ਨਹੀਂ ਹੈ। ਜੇਕਰ ਸਾਡੀ ਮਾਤ ਭਾਸ਼ਾ ਇੰਨੀ ਕਮਜ਼ੋਰ ਹੋਵੇਗੀ ਤਾਂ ਵਿਦਿਆਰਥੀ ਉਚੇਰੀ ਵਿਦਿਆ ਨੂੰ ਕਿਵੇਂ ਸਮਝ ਸਕਣਗੇ। ਇਹ ਵੀ ਵਿਚਾਰਣ ਦੀ ਜ਼ਰੂਰਤ ਹੈ ਕਿ ਪੰਜਾਬੀ ਭਾਸ਼ਾ ਦਾ ਦਰਜਾ ਇੰਨਾ ਨੀਚੇ ਕਿਉਂ ਜਾ ਰਿਹਾ ਹੈ? ਇਸ ਦਾ ਵੀ ਕੋਈ ਹੱਲ ਲੱਭਣਾ ਚਾਹੀਦਾ ਹੈ।

**ਰਜਿਸਟਰਾਰ ਸਾਹਿਬ**

ਉਨ੍ਹਾਂ ਕਿਹਾ ਕਿ ਅਸੀਂ ਆਪਣੇ ਖਰਚਿਆ ਨੂੰ ਘਟਾ ਕੇ ਯੂਨੀਵਰਸਿਟੀ ਨੂੰ ਵਧੀਆ ਤਰੀਕੇ ਨਾਲ ਚਲਾਉਣ ਦੀ ਭਰਪੂਰ ਕੋਸ਼ਿਸ ਕਰ ਰਹੇ ਹਾਂ ਅਤੇ ਸਾਡੀ ਇਹ ਕੋਸ਼ਿਸ ਹੈ ਕਿ ਹੋਰ ਨਵੇਂ ਕੋਰਸ ਆਰੰਭ ਕਰਕੇ ਯੂਨੀਵਰਸਿਟੀ ਦੀ ਆਮਦਨ ਵਿਚ ਹੋਰ ਵਾਧਾ ਕੀਤਾ ਜਾਵੇ। ਇਸੇ ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਵਿਚ UIT ਦੀ ਸਥਾਪਨਾ ਕੀਤੀ ਜਾ ਰਹੀ ਹੈ ਤਾਂ ਕਿ ਵਿਦਿਆਰਥੀਆਂ ਦੀ ਗਿਣਤੀ ਵਿਚ ਹੋਰ ਵਾਧਾ ਕੀਤਾ ਜਾ ਸਕੇ ਕਿਉਂ ਕਿ ਯੂਨੀਵਰਸਿਟੀ ਦੇ ਵਿਦਿਆਰਥੀਆਂ ਕਰਕੇ ਹੀ ਯੂਨੀਵਰਸਿਟੀ ਦਾ ਨਾਮ ਰੌਸ਼ਨ ਹੋ ਰਿਹਾ ਹੈ।

**ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ**

ਉਨ੍ਹਾਂ ਨੇ ਉਪ-ਕੁਲਪਤੀ ਸਾਹਿਬ ਨੂੰ ਵਧੀਆ ਬੱਜਟ ਪੇਸ਼ ਕਰਨ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਅੱਜ ਅੰਤਰ-ਰਾਸ਼ਟਰੀ ਮਹਿਲਾ ਦਿਵਸ ਹੈ। ਯੂਨੀਵਰਸਿਟੀ ਦੀ ਇਨਕਮ

ਵਧਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਕਾਫੀ ਵਧੀਆ ਯਤਨ ਕੀਤੇ ਗਏ ਹਨ। ਯੂ.ਜੀ.ਸੀ. ਵੱਲੋਂ ਦਿੱਤਾ ਗਿਆ ਪੈਸਾ ਹਰ ਸਾਲ 31 ਮਾਰਚ ਤੋਂ ਪਹਿਲਾਂ-ਪਹਿਲਾਂ ਖਰਚ ਕਰ ਲਿਆ ਜਾਂਦਾ ਹੈ। ਜਿੱਥੋਂ ਤੱਕ ਪੰਜਾਬੀ ਭਾਸ਼ਾ ਨੂੰ ਪ੍ਰਫੁਲੱਤ ਕਰਨ ਦਾ ਸਬੰਧ ਹੈ, ਇਸ ਦੇ ਵਿਕਾਸ ਲਈ ਕੋਈ ਵੱਖਰਾ ਪ੍ਰੋਜੈਕਟ ਸ਼ੁਰੂ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਯੂਨੀਵਰਸਿਟੀ ਦੇ ਦੋ ਵਿਦਿਆਰਥੀਆਂ ਦੀ 21-21 ਲੱਖ ਰੁਪਏ ਦੇ ਪੈਕੇਜ ਨਾਲ ਕੰਪਨੀਆਂ ਵਿਚ ਹੋਈ ਪਲੇਸਮੈਂਟ ਲਈ ਯੂਨੀਵਰਸਿਟੀ ਦੀ ਪ੍ਰਸ਼ੰਸਾਂ ਕੀਤੀ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਦੱਸਿਆ ਕਿ ਛੇਵੇਂ ਪੇਅ ਕਮਿਸ਼ਨ ਦਾ ਏਰੀਅਰ ਦੇਣ ਲਈ ਪੰਜਾਬ ਸਰਕਾਰ ਪਾਸੋਂ 21 ਕਰੋੜ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਸੀ ਪਰ ਪੰਜਾਬ ਸਰਕਾਰ ਨੇ ਇਹ ਰਕਮ ਸਾਡੀ ਮੈਂਟੀਨੈਂਸ ਗ੍ਰਾਂਟ ਵਿਚੋਂ ਹੀ recover ਕਰ ਲਈ। ਉਨ੍ਹਾਂ ਨੂੰ ਤਾਂ ਇਹ ਚਿੰਤਾ ਹੈ ਕਿ ਯੂਨੀਵਰਸਿਟੀ ਨੂੰ ਮਿਲ ਰਹੇ 'Excellence' ਦੇ ਖਿਤਾਬ ਨੂੰ ਕਿਸ ਤਰ੍ਹਾਂ ਬਰਕਰਾਰ ਰੱਖਣਾ ਹੈ।

**ਮੇਜਰ ਜਨਰਲ ਜੇ.ਐਸ. ਘੁੰਮਣ**

ਉਨ੍ਹਾਂ ਨੇ ਉਪ-ਕੁਲਪਤੀ ਸਾਹਿਬ ਨੂੰ ਵਧੀਆ ਬੱਜਟ ਪੇਸ਼ ਕਰਨ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਨੂੰ ਪੰਜਾਬ ਸਰਕਾਰ ਵੱਲੋਂ ਮਿਲ ਰਹੀ ਘੱਟ ਗ੍ਰਾਂਟ ਕਰਕੇ ਦੂਜਿਆਂ 'ਤੇ ਨਿਰਭਰਤਾ ਛੱਡਣੀ ਚਾਹੀਦੀ ਹੈ ਅਤੇ ਆਪਣੇ ਵਿੱਤੀ ਸੋਮੇ ਵਧਾਉਣੇ ਚਾਹੀਦੇ ਹਨ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਕਿਹਾ ਕਿ ਤੁਸੀਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੀ ਹਾਲਤ ਤਾਂ ਦੇਖੀ ਹੀ ਹੈ। ਸਾਨੂੰ ਆਪਣੇ ਰਿਸੋਰਸ ਹੋਰ ਪੈਦਾ ਕਰਨੇ ਚਾਹੀਦੇ ਹਨ। ਇਸ ਸਮੇਂ ਸਾਨੂੰ ਹਰ ਖੇਤਰ ਵਿਚ ਉੱਚ ਟੈਕਨਾਲੋਜੀ ਵਰਤਣੀ ਚਾਹੀਦੀ ਹੈ। ਸਾਨੂੰ ਵਿਦਿਆਰਥੀਆਂ ਦੀ ਗਿਣਤੀ ਵੀ ਵਧਾਉਣੀ ਚਾਹੀਦੀ ਹੈ। ਅਸੀਂ ਪ੍ਰੀਖਿਆਵਾਂ ਦੇ ਸਲਾਨਾ ਸਿਸਟਮ ਨੂੰ ਸਮੈਸਟਰ ਵਿਚ ਤਬਦੀਲ ਕੀਤਾ ਹੈ ਜਿਸ ਨਾਲ ਯੂਨੀਵਰਸਿਟੀ ਦੀ ਇਨਕਮ ਕੁਝ ਕੀ ਹੀ ਵਧੀ ਹੈ। ਰਿਜਨਲ ਕੈਂਪਸਾਂ ਵਿਚ ਸੀਟਾਂ ਪੂਰੀਆਂ ਭਰੀਆਂ ਨਹੀਂ ਜਾ ਰਹੀਆਂ। ਰਾਜ ਸਰਕਾਰ ਸਾਡੀ ਕੋਈ ਮਦਦ ਨਹੀਂ ਕਰ ਰਹੀ।

**ਡਾ. ਅਤਿਮਾ ਸ਼ਰਮਾ**

ਉਨ੍ਹਾਂ ਨੇ ਵਧੀਆ ਬੱਜਟ ਪੇਸ਼ ਕਰਨ ਲਈ ਉਪ-ਕੁਲਪਤੀ ਸਾਹਿਬ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਉਹ ਮਹਿਸੂਸ ਕਰ ਰਹੇ ਹਨ ਕਿ ਸਾਨੂੰ ਯੂਨੀਵਰਸਿਟੀ ਦੀ ਇਨਕਮ ਵਧਾਉਣ ਲਈ ਹੋਰ ਰਿਸੋਰਸ ਪੈਦਾ ਕਰਨੇ ਚਾਹੀਦੇ ਹਨ। ਇੱਥੇ ਕਈ ਐਨ.ਆਰ.ਆਈ ਬਾਡੀਜ਼ ਹਨ ਜੋ ਕਿ ਸਾਨੂੰ ਪੈਸਾ ਦੇ ਸਕਦੀਆਂ ਹਨ, ਇਸ ਪਾਸੇ ਵੀ ਕੋਸ਼ਿਸ ਕਰਨੀ ਚਾਹੀਦੀ ਹੈ।

**ਡਾ. ਸੁਬੋਧ ਕੁਮਾਰ**

ਉਨ੍ਹਾਂ ਨੇ ਵਧੀਆ ਬੱਜਟ ਪੇਸ਼ ਕਰਨ ਲਈ ਉਪ-ਕੁਲਪਤੀ ਸਾਹਿਬ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਐਨ.ਆਰ.ਆਈ ਬਾਡੀਜ਼ ਨਾਲ ਤਾਲ-ਮੇਲ ਕਰਨ ਲਈ ਬੜੀ

ਕੋਸ਼ਿਸ਼ ਕਰ ਰਹੀ ਹੈ। 18 ਮਾਰਚ ਨੂੰ ਇਕ ਐਨ.ਆਰ.ਆਈ. ਯੂ.ਕੇ. ਤੋਂ ਆ ਰਿਹਾ ਹੈ, ਯੂਨੀਵਰਸਿਟੀ ਵੱਲੋਂ ਢੁੱਕਵੇਂ ਪਰਪੋਜਲ ਉਨ੍ਹਾਂ ਦੇ ਸਾਹਮਣੇ ਰੱਖੇ ਜਾਣਗੇ। ਇਨ੍ਹਾਂ ਸਕੀਮਾਂ ਨੂੰ ਸੁਚੱਜੇ ਢੰਗ ਨਾਲ ਕਿਸ ਤਰ੍ਹਾਂ ਲਾਗੂ ਕੀਤਾ ਜਾ ਸਕੇ, ਇਸ ਲਈ ਸਮੇਂ ਦੀ ਲੋੜ ਹੈ।

**ਪ੍ਰਿੰਸੀਪਲ ਨਾਨਕ ਸਿੰਘ**

ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਵਧੀਆ ਬੱਜਟ ਪੇਸ਼ ਕਰਨ ਲਈ ਵਧਾਈ ਦਿੱਤੀ। ਉਨ੍ਹਾਂ ਨੇ ਪ੍ਰਸ਼ੰਸਾ ਕੀਤੀ ਕਿ 219 ਪੰਨਿਆਂ ਦੇ ਬੱਜਟ ਅਨੁਮਾਨ ਨੂੰ ਬਹੁਤ ਹੀ ਖੂਬਸੂਰਤੀ ਨਾਲ 4 ਪੰਨਿਆਂ ਵਿਚ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਪ-ਕੁਲਪਤੀ ਸਾਹਿਬ ਨੇ ਯੂਨੀਵਰਸਿਟੀ ਦੇ ਮਿਆਰ ਨੂੰ ਉੱਚਾ ਚੁੱਕਿਆ ਹੈ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਪੰਜਾਬ ਰਾਜ ਅਤੇ ਨਗਰ ਨਿਗਮ ਵਿਚ ਵਿੱਤੀ ਸੰਕਟ ਆਇਆ ਹੋਇਆ ਹੈ। ਆਮ ਪਬਲਿਕ ਵਿਚ ਸਾਡੀ ਯੂਨੀਵਰਸਿਟੀ ਦੀ image ਬੜੀ ਵਧੀਆ ਹੈ। ਸਾਨੂੰ ਖਰਚੇ ਹੋਰ ਘਟਾਉਣੇ ਚਾਹੀਦੇ ਹਨ ਅਤੇ ਜਿੱਥੋਂ ਤੱਕ ਸੰਭਵ ਹੋ ਸਕੇ ਐਜੂਕੇਸ਼ਨ ਦੀ ਕੁਆਲਿਟੀ ਵਿਚ ਹੋਰ ਵਾਧਾ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਇੰਸਟੀਚਿਊਟ ਆਫ ਟੈਕਨੋਲੋਜੀ ਦੀ ਸਥਾਪਨਾ ਕਰਨ ਲਈ ਅਤੇ ਸਮੁੱਚੇ ਵਿਕਾਸ ਲਈ ਪੰਜ ਪਿੰਡ ਅਡਾਪਟ ਕਰਨ ਲਈ ਉਪ-ਕੁਲਪਤੀ ਸਾਹਿਬ ਨੂੰ ਵਧਾਈ ਦਿੱਤੀ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਕਿਹਾ ਕਿ ਇਨ੍ਹਾਂ ਪੰਜਾਂ ਪਿੰਡਾਂ ਦੇ ਵਿਕਾਸ ਲਈ ਅਸੀਂ ਐਜੂਕੇਸ਼ਨ, ਹੈਲਥ, ਸਕਿਲ ਡਿਵੈਲ਼ਪਮੈਂਟ ਆਦਿ ਲਈ ਪਾਲਿਸੀ ਤਿਆਰ ਕਰ ਰਹੇ ਹਾਂ। ਹਰ ਪਿੰਡ ਦੀਆਂ ਮੁਸ਼ਕਿਲਾਂ ਵੱਖ-ਵੱਖ ਹਨ। ਪਿੰਡਾਂ ਵਿਚ ਸਕੂਲਾਂ ਦੀ ਹਾਲਤ ਮਾੜੀ ਹੈ, ਜ਼ਿਆਦਾਤਰ ਪਿੰਡਾਂ ਵਿਚ ਬੱਚੇ ਅਜੇ ਵੀ ਤੱਪੜਾਂ 'ਤੇ ਬੈਠਦੇ ਹਨ।

**ਡਾ. ਅਮਰਜੀਤ ਸਿੰਘ ਸਿੱਧੂ**

ਉਨ੍ਹਾਂ ਨੇ ਉਪ-ਕੁਲਪਤੀ ਸਾਹਿਬ ਨੂੰ ਵਧੀਆ ਬੱਜਟ ਪੇਸ਼ ਕਰਨ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਬੱਜਟ ਅਨੁਮਾਨ ਦੀ ਰਕਮ ਵਿਚ ਕਾਫੀ ਵਾਧਾ ਹੋਇਆ ਹੈ। ਅਸੀਂ ਪਿਛਲੀਆਂ ਮੀਟਿੰਗਾਂ ਵਿਚ ਵੀ ਪੰਜਾਬ ਸਰਕਾਰ ਪਾਸੋਂ ਮਿਲਣ ਵਾਲੀ ਗ੍ਰਾਂਟ ਬਾਰੇ ਚਰਚਾ ਕਰਦੇ ਰਹਿੰਦੇ ਸੀ। ਪੰਜਾਬ ਸਰਕਾਰ ਪਾਸੋਂ ਇਸ ਯੂਨੀਵਰਸਿਟੀ ਨੂੰ 50 ਕਰੋੜ ਰੁਪਏ ਦੀ ਗ੍ਰਾਂਟ ਮਿਲੀ ਹੈ, ਜਦੋਂ ਕਿ ਅਸਲ ਵਿਚ ਇਹ ਰਕਮ 100 ਕਰੋੜ ਹੋਣੀ ਚਾਹੀਦੀ ਸੀ। ਸਾਨੂੰ ਪੰਜਾਬ ਸਰਕਾਰ ਪਾਸੋਂ ਹੋਰ ਗ੍ਰਾਂਟ ਦੀ ਮੰਗ ਕਰਨੀ ਚਾਹੀਦੀ ਹੈ। ਸਾਡੇ ਬਹੁਤੇ ਵਿਦਿਆਰਥੀ ਮੱਧ ਵਰਗ ਦੇ ਹੀ ਪਰਿਵਾਰਾਂ ਤੋਂ ਆਉਂਦੇ ਹਨ। ਜ਼ਿਆਦਾਤਰ ਵਿਦਿਆਰਥੀਆਂ ਨੂੰ ਇਸ ਗੱਲ ਦੀ ਚਿੰਤਾ ਹੁੰਦੀ ਹੈ ਕਿ ਉਹ ਹੋਸਟਲ ਦੇ ਬਿੱਲ ਕਿਸ ਤਰ੍ਹਾਂ ਅਦਾ ਕਰਨਗੇ। ਯੂਨੀਵਰਸਿਟੀ ਨੂੰ ਹੋਰ ਗ੍ਰਾਂਟ ਦੇਣ ਬਾਰੇ ਸਰਕਾਰ ਨੂੰ ਸੋਚਣਾ ਚਾਹੀਦਾ ਹੈ। ਪੰਜਾਬ ਸਰਕਾਰ ਪਾਸੋਂ ਯੂਨੀਵਰਸਿਟੀ ਨੂੰ ਦੁੱਗਣੀ ਗ੍ਰਾਂਟ ਮਿਲਣੀ ਚਾਹੀਦੀ ਹੈ।

**ਡਾ.ਐਸ.ਐਸ. ਜੋਹਲ**

ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਵਧੀਆ ਬੱਜਟ ਪੇਸ਼ ਕਰਨ ਲਈ ਵਧਾਈ ਦਿੱਤੀ। ਉਨ੍ਹਾਂ

ਕਿਹਾ ਕਿ ਸਰਕਾਰ ਪਾਸੋਂ ਮਿਲਣ ਵਾਲੀਆਂ ਗ੍ਰਾਂਟਸ ਨਾਲ ਹੀ ਬੱਜਟ ਪੂਰਾ ਹੋ ਸਕਦਾ ਹੈ। ਸਰਕਾਰ ਕੋਲੋਂ ਜ਼ਿਆਦਾ ਗ੍ਰਾਂਟ ਦੀ ਮੰਗ ਕਰਨੀ ਚਾਹੀਦੀ ਹੈ। ਜਿੱਥੋਂ ਤੱਕ ਪੰਜਾਬੀ ਭਾਸ਼ਾ ਦੀ ਗੱਲ ਹੋਈ ਹੈ, ਪੰਜਾਬੀ ਭਾਸ਼ਾ ਦੇ ਸਹੀ ਉਚਾਰਣ ਲਈ ਇਕ ਲੈਂਗੂਏਜ਼ ਲੈਬ ਸ਼ੁਰੂ ਕਰਨੀ ਚਾਹੀਦੀ ਹੈ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਕਿਹਾ ਕਿ ਅਸੀਂ ਪਹਿਲਾਂ ਹੀ ਲੈਂਗੂਏਂਜ ਲੈਬ ਬਣਾ ਚੁੱਕੇ ਹਾਂ। ਪੰਜਾਬੀ ਵਿਭਾਗ ਨੂੰ ਇਸ ਕੰਮ ਲਈ ਪਹਿਲਾਂ ਹੀ 82 ਲੱਖ ਰੁਪਏ ਦੀ ਰਕਮ ਦਿੱਤੀ ਜਾ ਚੁੱਕੀ ਹੈ।

**ਡਾ. ਗੁਰਮੀਤ ਸਿੰਘ**

ਉਨ੍ਹਾਂ ਕਿਹਾ ਕਿ ਪੰਜਾਬੀ ਵਿਭਾਗ ਵਿਚ 54 ਵਿਦਿਆਰਥੀ ਪੀਐਚ.ਡੀ. ਕਰ ਰਹੇ ਹਨ ਅਤੇ U.P.E. ਸਕੀਮ ਅਧੀਨ 4 ਪੀਐਚ.ਡੀ. ਰਿਸਰਚ ਸਕਾਲਰ ਵੀ ਹਨ।

**ਡਾ. ਐਸ.ਪੀ. ਸਿੰਘ**

ਉਨ੍ਹਾਂ ਕਿਹਾ ਕਿ ਲੈਂਗੂਏਜ਼ ਲੈਬ ਦਾ ਹੋਣਾ ਕਾਫੀ ਨਹੀਂ ਹੈ। ਵਿਦੇਸ਼ੀ ਭਾਸ਼ਾਵਾਂ ਦੀ ਤਰ੍ਹਾਂ ਪੰਜਾਬੀ ਭਾਸ਼ਾ ਦੇ software ਇੰਨੇ develop ਨਹੀਂ ਹੋ ਰਹੇ। ਹੈਦਰਾਬਾਦ ਅਤੇ ਮੈਸੂਰ ਵਿਚ ਅਲੱਗ-ਅਲੱਗ ਭਾਸ਼ਾਵਾਂ ਦੇ ਕਈ ਤਰ੍ਹਾਂ ਦੇ software ਉਪਲੱਬਧ ਹਨ।

**ਡਾ. ਸਤਿਆ ਪੀ. ਗੌਤਮ**

ਉਨ੍ਹਾਂ ਨੇ ਉਪ-ਕੁਲਪਤੀ ਸਾਹਿਬ ਨੂੰ ਵਧੀਆ ਬੱਜਟ ਪੇਸ਼ ਕਰਨ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਵਿਦਿਆਰਥੀ ਪੰਜਾਬੀ ਭਾਸ਼ਾ ਨੂੰ ਭੁੱਲਦੇ ਜਾ ਰਹੇ ਹਨ। ਸਾਨੂੰ ਪੰਜਾਬੀ ਭਾਸ਼ਾ ਦੀ improvement ਲਈ ਕੁਝ ਕਰਨਾ ਚਾਹੀਦਾ ਹੈ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਕਿਹਾ ਕਿ ਬਾਕੀ ਭਾਸ਼ਾਵਾਂ ਨਾਲੋਂ ਪੰਜਾਬੀ ਭਾਸ਼ਾ ਵਿਚ ਸਭ ਤੋਂ ਵੱਧ ਪੀਐਚ.ਡੀ. ਅਧਿਆਪਕ ਹਨ। ਪੰਜਾਬੀ ਨੂੰ ਪ੍ਰਫੁਲੱਤ ਕਰਨ ਵਾਸਤੇ ਹੀ ਪੰਜਾਬੀ ਨੂੰ ਲਾਜ਼ਮੀ ਵਿਸ਼ਾ ਕੀਤਾ ਗਿਆ ਹੈ ਪਰ ਲੋਕ ਫਿਰ ਵੀ ਕਹਿ ਰਹੇ ਹਨ ਕਿ ਪੰਜਾਬੀ ਭਾਸ਼ਾ ਗਰੀਬ ਹੈ। ਪੰਜਾਬੀ ਭਾਸ਼ਾ ਨੂੰ ਉੱਚਾ ਚੁੱਕਣ ਲਈ ਅਸੀਂ ਬੜਾ ਕੁੱਝ ਕੀਤਾ ਹੈ ਅਤੇ ਹੁਣ ਵੀ ਕਰ ਰਹੇ ਹਾਂ।

ਪੰਜਾਬੀ ਦੇ ਵਿਕਾਸ ਲਈ ਕਮੇਟੀ ਸੰਗਠਿਤ ਕਰਨ ਲਈ ਸਮੂੰਹ ਮੈਂਬਰ ਸਾਹਿਬਾਨ ਵੱਲੋਂ ਅਧਿਕਾਰ ਉਪ-ਕੁਲਪਤੀ ਜੀ ਨੂੰ ਦਿੱਤੇ ਗਏ। ਉਪ-ਕੁਲਪਤੀ ਜੀ ਵੱਲੋਂ ਇਸ ਕਮੇਟੀ ਲਈ ਡਾ. ਐਸ.ਐਸ. ਜੋਹਲ (ਚੇਅਰਮੈਨ), ਡਾ. ਐਸ.ਪੀ. ਸਿੰਘ, ਡਾ. ਸੱਤਿਆ ਪੀ. ਗੌਤਮ, ਡੀਨ, ਅਕਾਦਮਿਕ ਮਾਮਲੇ ਅਤੇ ਮੁਖੀ, ਪੰਜਾਬੀ ਅਧਿਐਨ ਸਕੂਲ (ਕਨਵੀਨਰ) ਮੈਂਬਰ ਨਾਮਜ਼ਦ ਕੀਤੇ ਗਏ ਅਤੇ ਕਮੇਟੀ ਆਪਣੇ ਨਾਲ ਦੋ ਹੋਰ ਮੈਂਬਰ ਐਸੋਸੀਏਟ ਕਰ ਸਕਦੀ ਹੈ। ਜਿਸ ‘ਤੇ ਸਮੂਹ ਮੈਂਬਰ ਸਾਹਿਬਾਨ ਵੱਲੋਂ ਸਹਿਮਤੀ ਪ੍ਰਗਟਾਈ ਗਈ।

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਮਾਲੀ ਸਾਲ 2016-17 ਲਈ ਯੂਨੀਵਰਸਿਟੀ ਦਾ ਬੱਜਟ ਅਨੁਮਾਨ ਪ੍ਰਵਾਨ ਕੀਤਾ ਜਾਂਦਾ ਹੈ।

**ਸਿੰਡੀਕੇਟ ਦੀਆਂ ਇਕੱਤਰਤਾਵਾਂ ਮਿਤੀ 28.8.2015, 18.11.2015 ਅਤੇ 31.12.2015 ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

4. ਸਿੰਡੀਕੇਟ ਦੀਆਂ ਹੇਠ ਲਿਖੀਆਂ ਸਿਫਾਰਸ਼ਾਂ 'ਤੇ ਵਿਚਾਰ ਹੋਈ:-

(ੳ) ਸਕੱਤਰ, ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਚੈਰੀਟੇਬਲ ਸੋਸਾਇਟੀ ਦੀ ਬੇਨਤੀ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ ਸੰਤ ਬਾਬਾ ਭਾਗ ਸਿੰਘ ਇੰਸਟੀਚਿਊਟ ਆਫ ਐਜੂਕੇਸ਼ਨ, ਪਿੰਡ ਖਿਆਲਾ, ਡਾਕਘਰ ਪਧਿਆਣਾ, ਜਲੰਧਰ ਨੂੰ ਇਸ ਯੂਨੀਵਰਸਿਟੀ ਵੱਲੋਂ ਪ੍ਰਦਾਨ ਕੀਤੀ ਸਬੰਧਤਾ ਵਾਪਸ ਲੈਣ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 23 ਮਿਤੀ 28.8.2015)

(ਅ) ਡਾਇਰੈਕਟਰ ਐਜੂਕੇਸ਼ਨ, ਡਾਇਰੈਕਟੋਰੇਟ ਆਫ ਐਜੂਕੇਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੰਡੀਗੜ੍ਹ ਵੱਲੋਂ ਪ੍ਰਾਪਤ ਪੱਤਰ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ ਬਾਬਾ ਅਜੈ ਸਿੰਘ ਖਾਲਸਾ ਕਾਲਜ ਫਾਰ ਗਰਲਜ਼, ਗੁਰਦਾਸ ਨੰਗਲ (ਗੁਰਦਾਸਪੁਰ) ਨੂੰ ਕੋ-ਐਜੂਕੇਸ਼ਨ ਕਰਨ ਅਤੇ ਉਕਤ ਕਾਲਜ ਦਾ ਨਾਮ ਬਦਲ ਕੇ ਬਾਬਾ ਅਜੈ ਸਿੰਘ ਖਾਲਸਾ ਕਾਲਜ, ਗੁਰਦਾਸ ਨੰਗਲ (ਗੁਰਦਾਸਪੁਰ) ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 24 ਮਿਤੀ 28.8.2015)

(ੲ) ਚੇਅਰਪਰਸਨ, ਪਾਠ ਸਿੱਖਿਆ ਬੋਰਡ, ਸੋਸ਼ਿਆਲੋਜੀ ਅਤੇ ਡੀਨ, ਫੈਕਲਟੀ ਆਫ ਆਰਟਸ ਐਂਡ ਸੋਸ਼ਲ ਸਾਇੰਸਜ਼ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਬੀ.ਏ. ਕੋਰਸ ਦੇ Women Empowerment ਵਿਸ਼ੇ ਨੂੰ Combinations of Subjects ਦੇ ਗਰੁੱਪ ਨੰ: 5 ਵਿਚੋਂ ਰੱਦ ਕਰਨ ਅਤੇ ਇਸ ਵਿਸ਼ੇ ਨੂੰ Open ਰੱਖਣ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 22 ਮਿਤੀ 18.11.2015)

(ਸ) ਚੇਅਰਪਰਸਨ, ਬੋਰਡ ਆਫ ਕੰਟਰੋਲ ਲਾਅ ਅਤੇ ਡੀਨ, ਫੈਕਲਟੀ ਆਫ ਲਾਅ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ LL.M. (Two Years Course) (UCBCEGS) ਬੰਦ ਕਰਨ ਅਤੇ ਸੈਸ਼ਨ 2015-16 ਤੋਂ LL.M. (One Year Course) (UCBCEGS) ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 52 ਮਿਤੀ 18.11.2015)

(ਹ) ਯੂਨੀਵਰਸਿਟੀ ਵਿਖੇ University Institute of Technology ਸਥਾਪਿਤ ਕਰਨ ਹਿੱਤ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 15.10.2015 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਣ।

(ਸਿੰਡੀਕੇਟ ਪੈਰਾ 4 ਮਿਤੀ 31.12.2015)

(ਕ) ਡੀਨ, ਵਿਜ਼ੂਅਲ ਐਂਡ ਪਰਫਾਰਮਿੰਗ ਆਰਟਸ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸਿੰਡੀਕੇਟ ਦੀ ਇੱਕਤਰਤਾ ਮਿਤੀ 18.11.2015 ਦੇ ਪੈਰਾ ਨੰ 23 ਰਾਹੀਂ ਬੀ.ਏ. ਕਲਾਸ ਵਿਚ ਮਿਊਜ਼ਿਕ (ਵੋਕਲ) ਅਤੇ ਤਬਲਾ ਵਿਸ਼ੇ ਇੱਕਠੇ ਪੜ੍ਹਾਉਣ ਦੀ ਹੋਈ ਪ੍ਰਵਾਨਗੀ ਨੂੰ ਲਾਇਲਪੁਰ ਖਾਲਸਾ ਕਾਲਜ, ਜਲੰਧਰ ਦੀ ਬਜਾਏ ਸਮੂਹ ਕਾਲਜਾਂ ਲਈ ਬੀ.ਏ. ਕਲਾਸ ਵਿਚ ਮਿਊਜ਼ਿਕ (ਵੋਕਲ) ਅਤੇ ਤਬਲਾ ਵਿਸ਼ੇ ਇੱਕਠੇ ਪੜ੍ਹਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 30 ਮਿਤੀ 31.12.2015)

**ਨੋਟ** (i):- ਸੈਸ਼ਨ 2015-16 ਤੋਂ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਖੇ ਬੀ.ਏ. ਕਲਾਸ ਵਿਚ ਮਿਊਜ਼ਿਕ (ਵੋਕਲ) ਅਤੇ ਤਬਲਾ ਵਿਸ਼ੇ ਇਕੱਠੇ ਪੜ੍ਹਾਉਣ ਦੀ ਸਿੰਡੀਕੇਟ ਵੱਲੋਂ ਦਿੱਤੀ ਪ੍ਰਵਾਨਗੀ (ਮਿਤੀ 29.6.2015 ਪੈਰਾ ਨੰ: 87 ਰਾਹੀਂ) ਨੂੰ, **ਸੈਨੇਟ** (ਮਿਤੀ 28.8.2015 ਪੈਰਾ ਨੰ: 5(ਗ) ਰਾਹੀਂ) **ਵੱਲੋਂ ਮੁੜ ਵਿਚਾਰਨ ਦੀ ਸਿਫਾਰਸ਼ ਕੀਤੀ ਗਈ ਸੀ।**

(ii):-ਉਕਤ ਨੂੰ ਮੁੜ ਵਿਚਾਰਦਿਆਂ ਸਿੰਡੀਕੇਟ ਵੱਲੋਂ ਡੀਨ, ਵਿਜ਼ੂਅਲ ਐਂਡ ਪਰਫਾਰਮਿੰਗ ਆਰਟਸ ਅਤੇ ਮੁਖੀ ਸੰਗੀਤ ਵਿਭਾਗ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ **ਸਿੰਡੀਕੇਟ ਵੱਲੋਂ ਉਕਤ ਦੋਵੇ ਵਿਸ਼ੇ ਇਕੱਠੇ ਪੜ੍ਹਾਉਣ ਦੀ**

**ਪ੍ਰਵਾਨਗੀ ਦਿੱਤੀ ਗਈ** (ਸਿੰਡੀਕੇਟ ਦੀ ਇਕੱਤਰਤਾ ਮਿਤੀ 18.11.2015 ਦੇ ਪੈਰਾ ਨੰ: 23 ਰਾਹੀਂ)।

(iii):-ਡੀਨ, ਵਿਜ਼ੂਅਲ ਐਂਡ ਪਰਫਾਰਮਿੰਗ ਆਰਟਸ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸਿੰਡੀਕੇਟ ਵੱਲੋਂ ਇਕੱਤਰਤਾ ਮਿਤੀ 31.12.2015 ਦੇ ਪੈਰਾ ਨੰ: 30 ਰਾਹੀਂ **ਉਕਤ ਦੋਵੇਂ ਵਿਸ਼ੇ ਲਾਇਲਪੁਰ ਖਾਲਸਾ ਕਾਲਜ, ਜਲੰਧਰ ਦੀ ਬਜਾਏ ਸਮੂਹ ਕਾਲਜਾਂ ਵਿਚ ਇਕੱਠੇ ਪੜ੍ਹਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ।**

(ਖ) ਮਾਣਯੋਗ ਮੁੱਖ-ਮੰਤਰੀ, ਪੰਜਾਬ ਦੀ ਅਗਵਾਈ ਹੇਠ ਮਿਤੀ 22.12.2015 ਨੂੰ ਹੋਈ ਇੱਕਤਰਤਾ ਵਿਚ ਲਏ ਫੈਸਲੇ ਅਨੁਸਾਰ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਹੇਠ ਲਿਖੇ ਪੰਜ ਪਿੰਡਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ adopt ਕਰਨ ਅਤੇ Social Outreach Programme ਅਧੀਨ ਇਨ੍ਹਾਂ ਪਿੰਡਾਂ ਦੇ ਲੋਕਾਂ ਦੀ Education & Health ਦੇ ਵਿਕਾਸ ਲਈ ਹਰ ਪਿੰਡ ਲਈ ਇੱਕ ਲੱਖ ਰੁਪਏ ਪ੍ਰਤੀ ਵਿੱਤੀ ਸਾਲ ਦੀ ਰਾਸ਼ੀ ਦੀ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ:-

1. Ludhar (Block Verka), Tehsil & Distt. Amritsar.
2. Badadpura, Tehsil Baba Bakala, Distt. Amritsar.
3. Chungh, Tehsil Patti, Distt. Tarn Taran.
4. Mithra, Tehsil & Distt. Kapurthala.
5. Googran, Distt. Pathankot.

(ਸਿੰਡੀਕੇਟ ਪੈਰਾ 43 ਮਿਤੀ 31.12.2015)

**ਪਾਸ ਹੋਇਆ** ਕਿ ਸਿੰਡੀਕੇਟ ਦੀਆਂ ਉਕਤ ਸਿਫਾਰਸ਼ਾਂ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਉਪ-ਕੁਲਪਤੀ ਸਾਹਿਬ ਦਾ ਬਿਆਨ।**

5. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ:-

1. ਯੂਨੀਵਰਸਿਟੀ ਦੀ 42ਵੀਂ ਸਲਾਨਾ ਕਨਵੋਕੇਸ਼ਨ 11 ਮਾਰਚ ਨੂੰ ਹੋ ਰਹੀ ਹੈ।

2. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ 24 ਦਸੰਬਰ, 2015 ਤੋਂ ਲੈ ਕੇ ਮਾਰਚ, 2016 ਤੱਕ ਵੱਖ-ਵੱਖ ਨੈਸ਼ਨਲ/ਮਲਟੀ ਨੈਸ਼ਨਲ ਕੰਪਨੀਆਂ ਵਲੋਂ 97 ਵਿਦਿਆਰਥੀਆਂ ਨੂੰ ਰੋਜ਼ਗਾਰ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਤਰ੍ਹਾਂ ਹੁਣ ਤੱਕ ਬੈਚ-2016 ਦੇ ਕੁੱਲ 687 ਵਿਦਿਆਰਥੀਆਂ ਦੀ ਪਲੇਸਮੈਂਟ ਹੋ ਚੁੱਕੀ ਹੈ। ਇਸ ਤੋਂ ਇਲਾਵਾ 28 ਜਨਵਰੀ ਨੂੰ TCS ਕੰਪਨੀ ਵਲੋਂ ਕੰਪਿਊਟਰ ਸਾਇੰਸ ਅਤੇ ਇਲੈਕਟ੍ਰਾਨਿਕਸ ਟੈਕਨਾਲੋਜੀ ਵਿਭਾਗ ਦੇ ਵਿਦਿਆਰਥੀਆਂ ਲਈ Innovation through Digital Forces and Importance of Research in IT ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ ਕਰਵਾਇਆ ਗਿਆ। TCS ਕੰਪਨੀ ਵਲੋਂ ਯੂਨੀਵਰਸਿਟੀ ਵਿਖੇ ਇਨਫਾਰਮੇਸ਼ਨ ਟੈਕਨਾਲੋਜੀ ਵਿੱਚ ਰਿਸਰਚ ਲੈਬ ਸਥਾਪਿਤ ਕੀਤੀ ਜਾਵੇਗੀ ਜਿਸ ਵਿੱਚ ਵਿਦਿਆਰਥੀ ਆਪਣੇ ਟ੍ਰੇਨਿੰਗ ਪ੍ਰੋਜੈਕਟ ਕਰ ਸਕਣਗੇ। TCS ਕੰਪਨੀ ਵਲੋਂ ਉੱਤਰ ਭਾਰਤ ਵਿਚ ਪਹਿਲਾ Initial Learning Programme ਯੂਨੀਵਰਸਿਟੀ ਵਿੱਚ ਸ਼ੁਰੂ ਕੀਤਾ ਜਾ ਰਿਹਾ ਹੈ।

3. ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੇਟਿਵ ਐਗਜ਼ਾਮੀਨੇਸ਼ਨਜ਼ ਦੇ ਯਤਨਾਂ ਸਦਕਾ ਮਿਤੀ 5.1.2016 ਨੂੰ P.C.S. (Prelimanary Examination) ਦੇ ਘੋਸ਼ਿਤ ਹੋਏ ਨਤੀਜੇ ਮੁਤਾਬਿਕ ਯੂਨੀਵਰਸਿਟੀ ਦੇ 8 ਵਿਦਿਆਰਥੀਆਂ ਨੇ ਪ੍ਰੀਖਿਆ ਪਾਸ ਕੀਤੀ ਹੈ।

4. ਬਾਇਓ-ਟੈਕਨਾਲੋਜੀ ਵਿਭਾਗ ਦੀ ਪ੍ਰੋਫੈਸਰ ਗੁਰਚਰਨ ਕੌਰ ਨੂੰ ਭਾਰਤ ਸਰਕਾਰ ਦੇ ਬਾਇਓ-ਟੈਕਨਾਲੋਜੀ ਵਿਭਾਗ ਵੱਲੋਂ 40.00 ਲੱਖ ਰੁਪਏ ਦਾ ਤਿੰਨ ਸਾਲ ਲਈ ਰਿਸਰਚ ਪ੍ਰੋਜੈਕਟ "Study of molecular and cellular basis of obesity associated neuron inflammation and the role of natural products as neuron protective agents" ਮੰਜੂਰ ਹੋਇਆ ਹੈ।

5. ਭਾਰਤ ਸਰਕਾਰ ਦੇ GIAN (Global Initiative of Academic Networks) Program ਤਹਿਤ Ministry of Human Resource Development ਵਲੋਂ ਦੇਸ਼ ਦੀਆਂ 26 ਯੂਨੀਵਰਸਿਟੀਆਂ ਵਿੱਚੋਂ ਯੂਨੀਵਰਸਿਟੀ ਵਿਖੇ ਇੱਕ ਸੈਂਟਰ ਸਥਾਪਿਤ ਕਰਨ ਲਈ ਚੁਣਿਆ ਗਿਆ ਹੈ। ਯੂਨੀਵਰਸਿਟੀ ਨੇ ਇਸ ਪ੍ਰੋਗਰਾਮ ਤਹਿਤ 8 ਪ੍ਰਸਤਾਵ ਪੇਸ਼ ਕੀਤੇ ਹਨ ਜਿਨ੍ਹਾਂ ਵਿਚੋਂ 2 ਮੰਜੂਰ ਹੋ ਗਏ ਹਨ ਅਤੇ ਬਾਕੀ 6 ਵਿਚਾਰ ਅਧੀਨ ਹਨ।

6. 21 ਜਨਵਰੀ ਨੂੰ ਪੰਜਾਬੀ ਅਧਿਐਨ ਸਕੂਲ ਵੱਲੋਂ ਨਾਨਕ ਸਿੰਘ ਦੀ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨੂੰ ਦੇਣ ਵਿਸ਼ੇ 'ਤੇ ਭਾਸ਼ਣ ਕਰਵਾਇਆ ਗਿਆ, ਜੋ ਕਿ ਪ੍ਰਿੰਸੀਪਲ, ਖਾਲਸਾ ਕਾਲਜ, ਅੰਮ੍ਰਿਤਸਰ, ਡਾ. ਮਹਿਲ ਸਿੰਘ ਨੇ ਦਿੱਤਾ। **"Chair for studies of the Ghadar Movement"** ਵੱਲੋਂ 29 ਫਰਵਰੀ ਨੂੰ ਵਿਸ਼ਵੀਕਰਨ ਦੇ ਯੁੱਗ ਵਿੱਚ ਗਦਰ ਲਹਿਰ ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਪ੍ਰਸਿੱਧ ਪੰਜਾਬੀ ਲੇਖਕ ਸ਼੍ਰੀ ਵਰਿਆਮ ਸਿੰਘ ਸੰਧੂ ਨੇ ਕੂੰਜੀਵਤ ਭਾਸ਼ਣ ਦਿੱਤਾ। ਇਸ ਤੋਂ ਇਲਾਵਾ 1 ਮਾਰਚ ਨੂੰ ਪੰਜਾਬੀ ਅਧਿਐਨ ਸਕੂਲ ਵਲੋਂ ਇੱਕੀਵੀਂ ਸਦੀ ਦਾ ਪੰਜਾਬੀ ਨਾਵਲ: ਸਥਿਤੀ ਅਤੇ ਸੰਭਾਵਨਾਵਾਂ ਵਿਸ਼ੇ 'ਤੇ ਕੌਮੀ ਕਾਨਫਰੰਸ ਕਰਵਾਈ ਗਈ, ਜਿਸ ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੰਜਾਬੀ ਅਧਿਐਨ ਵਿਭਾਗ ਦੇ ਪ੍ਰੋਫੈਸਰ ਸੁਰਿੰਦਰ ਕੁਮਾਰ ਨੇ ਪ੍ਰਧਾਨਗੀ ਭਾਸ਼ਣ ਦਿੱਤਾ।

7. 2 ਫਰਵਰੀ ਨੂੰ ਕੈਮਿਸਟਰੀ ਵਿਭਾਗ ਵਲੋਂ ਯੂ.ਜੀ.ਸੀ. ਅਤੇ ਭਾਰਤ ਸਰਕਾਰ ਦੇ ਸਾਇੰਸ ਅਤੇ ਟੈਕਨਾਲੋਜੀ ਵਿਭਾਗ, ਨਵੀਂ ਦਿੱਲੀ ਦੇ ਸਹਿਯੋਗ ਨਾਲ ਦੋ ਦਿਨਾਂ 5th National Symposium on Advances in Chemical Sciences ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵਿਦੇਸ਼ੀ ਬੁੱਧੀਜੀਵੀਆਂ ਤੋਂ ਇਲਾਵਾ ਦੇਸ਼ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਤੋਂ ਪ੍ਰੋਫੈਸਰ ਅਤੇ ਖੋਜ ਵਿਗਿਆਨੀਆਂ ਨੇ ਹਿੱਸਾ ਲਿਆ ਅਤੇ ਖੋਜ-ਪੱਤਰ ਪੇਸ਼ ਕੀਤੇ। ਇਸ ਮੌਕੇ 'ਤੇ ਇੰਡੀਅਨ ਇੰਸਟੀਚਿਊਟ ਆਫ ਸਾਇੰਸ, ਬੰਗਲੌਰ ਦੇ ਸਾਬਕਾ ਡਾਇਰੈਕਟਰ, ਪ੍ਰੋਫੈਸਰ ਪੀ. ਬਾਲਾਰਾਮ ਨੇ ਕੂੰਜੀਵਤ ਭਾਸ਼ਣ ਦਿੱਤਾ। ਇਸ ਤੋਂ ਇਲਾਵਾ 3-5 ਮਾਰਚ ਨੂੰ ਕੈਮਿਸਟਰੀ ਵਿਭਾਗ ਵੱਲੋਂ Indian Institute of Science, Bangalore, Indian National Science Academy, New Delhi ਅਤੇ National Academy of Science, Ahmedabad ਦੇ ਸਹਿਯੋਗ ਨਾਲ Modern Chemistry and its applications ਵਿਸ਼ੇ 'ਤੇ ਵਰਕਸ਼ਾਪ ਕਰਵਾਈ ਗਈ ਜਿਸ ਵਿਚ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਆਏ ਕੈਮਿਸਟਰੀ ਵਿਸ਼ੇ ਦੇ ਪ੍ਰਸਿੱਧ ਵਿਦਵਾਨਾਂ ਨੇ ਲੈਕਚਰ ਦਿੱਤਾ।

8. 7 ਫਰਵਰੀ ਨੂੰ ਚੰਡੀਗੜ੍ਹ ਵਿਖੇ ਹੋਏ ਸੀ.ਆਰ.ਐਸ.ਆਈ. ਨੈਸ਼ਨਲ ਸਿੰਪੋਜ਼ੀਅਮ ਇਨ ਕੈਮਿਸਟਰੀ ਦੇ ਮੌਕੇ ਤੇ ਕੈਮਿਸਟਰੀ ਵਿਭਾਗ ਦੀ ਸੀਨੀਅਰ ਰਿਸਰਚ ਫੈਲੋ, ਜਸਨੀਤ ਕੌਰ ਨੂੰ ਆਰ.ਐਸ.ਸੀ. ਬੈਸਟ ਪੇਪਰ ਅਵਾਰਡ ਨਾਲ ਸਨਮਾਨਿਆ ਗਿਆ। ਉਸ ਨੂੰ ਇਹ ਅਵਾਰਡ ਤੀਸਰੀ ਵਾਰ ਮਿਲਿਆ ਹੈ।

9. 25 ਫਰਵਰੀ ਨੂੰ ਸਕੂਲ ਆਫ ਸੋਸ਼ਲ ਸਾਇੰਸਜ਼ ਨੇ ਚੌਥਾ ਜਗਤਾਰ ਸਿੰਘ ਢੇਸੀ ਮੈਮੋਰੀਅਲ ਭਾਸ਼ਣ ਕਰਵਾਇਆ, ਜੋ ਕਿ ਹੈਦਰਾਬਾਦ ਕੇਂਦਰੀ ਯੂਨੀਵਰਸਿਟੀ ਦੇ ਪ੍ਰਸਿੱਧ ਰਾਜਨੀਤੀ ਵਿਗਿਆਨੀ ਪ੍ਰੋਫੈਸਰ ਕੇ.ਸੀ. ਸੂਰੀ ਨੇ ਦਿੱਤਾ।

10. 24 ਫਰਵਰੀ ਨੂੰ ਯੂਨੀਵਰਸਿਟੀ ਦੇ Institute of Company Secretaries of India ਨਾਲ ਇੱਕ Memorandum of Understanding ਤੇ ਹਸਤਾਖਰ ਕੀਤੇ ਜਿਸ ਤਹਿਤ ਕਾਮਰਸ ਫੈਕਲਟੀ ਵਿਚ ਬੈਚਲਰ ਡਿਗਰੀ ਵਿਚ ਪਹਿਲਾ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀ ਨੂੰ ਯੂਨੀਵਰਸਿਟੀ ਦੀ ਸਲਾਨਾ ਕਨਵੋਕੇਸ਼ਨ ਦੌਰਾਨ I.C.S.I. Signature Award, ਸੋਨੇ ਦਾ ਮੈਡਲ ਅਤੇ ਸਰਟੀਫਿਕੇਟ ਨਾਲ ਸਨਮਾਮਿਤ ਕੀਤਾ ਜਾਵੇਗਾ।

11. 24 ਫਰਵਰੀ ਨੂੰ ਲੰਡਨ ਨਿਵਾਸੀ, ਬੌਬੀ ਸਿੰਘ ਬਾਂਸਲ ਦੀ ਲਿਖੀ ਕਿਤਾਬ Ramnants of the Sikh Empire- Historical Sikh Monuments in India and Pakistan ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵਿਖੇ ਰਿਲੀਜ਼ ਕੀਤੀ ਗਈ। ਇਸ ਮੌਕੇ 'ਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਜੱਥੇਦਾਰ ਅਵਤਾਰ ਸਿੰਘ ਮੱਕੜ ਨੇ ਯੂਨੀਵਰਸਿਟੀ ਨੂੰ ਸਿੱਖ ਇਤਿਹਾਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਪਾਦਨ ਸ੍ਰੋਤ ਪ੍ਰੋਜੈਕਟ ਅਧੀਨ 25.00 ਲੱਖ ਰੁਪਏ ਦਾ ਚੈੱਕ ਭੇਂਟ ਕੀਤਾ।

12. ਬੋਟਾਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵੱਲੋਂ ਯੂ.ਜੀ.ਸੀ., ਡੀ.ਐਸ.ਟੀ. ਅਤੇ ਡੀ.ਬੀ.ਟੀ. ਦੇ ਸਹਿਯੋਗ ਨਾਲ ਮਿਤੀ 17-19 ਫਰਵਰੀ ਤੱਕ ਵਾਤਾਵਰਨ ਤੇ ਸਿਹਤ ਵਿਸ਼ੇ 'ਤੇ ਤਿੰਨ ਦਿਨਾਂ ਅੰਤਰ-ਰਾਸ਼ਟਰੀ ਕਾਨਫਰੰਸ ਕਰਵਾਈ ਗਈ, ਜਿਸ ਵਿਚ ਦੇਸ਼-ਵਿਦੇਸ਼ ਦੇ ਪ੍ਰਸਿੱਧ ਵਿਗਿਆਨੀਆਂ ਤੋਂ ਇਲਾਵਾ ਦੇਸ਼ ਦੇ ਕਈ ਰਾਜਾਂ ਤੋਂ ਪ੍ਰਮੁੱਖ ਵਿਗਿਆਨੀਆਂ ਨੇ ਹਿੱਸਾ ਲਿਆ। ਇਸ ਮੌਕੇ 'ਤੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਦੇ ਸਾਬਕਾ ਉਪ-ਕੁਲਪਤੀ ਪ੍ਰੋਫੈਸਰ ਐਸ.ਐਸ. ਗਿੱਲ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਪ੍ਰੋਫੈਸਰ ਐਨ. ਰਾਮਨ, ਡਾਇਰੈਕਟਰ, ਸੈਂਟਰ ਫਾਰ ਐਡਵਾਂਸਡ ਸਟੱਡੀਜ਼ ਇਨ ਬੋਟਨੀ, ਯੂਨੀਵਰਸਿਟੀ ਆਫ ਮਦਰਾਸ, ਚੈਨੱਈ ਨੇ ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਕੀਤੀ।

13. ਅੰਗ੍ਰੇਜੀ ਵਿਭਾਗ ਵਲੋਂ Systematic Functional Linguistics Association, Hyderabad ਦੇ ਸਹਿਯੋਗ ਨਾਲ 8-12 ਫਰਵਰੀ ਤੱਕ ਪੰਜ ਰੋਜਾ International Congress on English Grammer ਦਾ ਆਯੋਜਨ ਕੀਤਾ ਗਿਆ।

14. 19 ਫਰਵਰੀ ਨੂੰ ਆਰਕੀਟੈਕਚਰ ਵਿਭਾਗ ਵੱਲੋਂ ਰਿਜ਼ਨਲ ਆਰਕੀਟੈਕਚਰ ਵਿਸ਼ੇ 'ਤੇ ਦੋ ਰੋਜ਼ਾ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ C.P.E.T. Ahmedabad ਦੇ ਡੀਨ, ਆਰਕੀਟੈਕਚਰ, ਪ੍ਰੋਫੈਸਰ Anne Feenstra ਨੇ ਕੁੰਜੀਵਤ ਭਾਸ਼ਣ ਦਿੱਤਾ।

15. 27-28 ਫਰਵਰੀ ਨੂੰ ਪੋਲੀਟੀਕਲ ਸਾਇੰਸ ਵਿਭਾਗ ਵੱਲੋਂ Emerging trends and issues in the state politics in India ਵਿਸ਼ੇ 'ਤੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਦੇਸ਼ ਭਰ ਤੋਂ 60 ਦੇ ਕਰੀਬ ਖੋਜਾਰਥੀਆਂ ਨੇ ਖੋਜ-ਪੱਤਰ ਪੇਸ਼ ਕੀਤੇ।

16. **ਖੇਡ ਵਿਭਾਗ ਦੀਆਂ ਪ੍ਰਾਪਤੀਆਂ:-**

- 26-28 ਜਨਵਰੀ ਨੂੰ ਸ਼ਿਲਾਂਗ ਵਿਖੇ ਹੋਈ National Judo Championship ਵਿੱਚ ਯੂਨੀਵਰਸਿਟੀ ਦੇ ਦੋ ਖਿਡਾਰੀਆਂ ਗੋਲਡ ਮੈਡਲ ਜਿੱਤੇ।
- 5-16 ਫਰਵਰੀ ਨੂੰ ਗੁਹਾਟੀ ਵਿਖੇ ਹੋਈਆਂ SAF Games ਵਿੱਚ ਯੂਨੀਵਰਸਿਟੀ ਦੇ ਚਾਰ ਐਥਲੀਟਾਂ ਨੇ ਗੋਲਡ ਮੈਡਲ ਜਿੱਤੇ।
- 24-27 ਫਰਵਰੀ ਨੂੰ ਕੇਰਲ ਵਿਖੇ ਹੋਈ Sr. National Cycling

Championship ਵਿੱਚ ਯੂਨੀਵਰਸਿਟੀ ਦੇ ਇੱਕ ਖਿਡਾਰੀ ਨੇ ਬ੍ਰਾਂਜ਼ ਮੈਡਲ ਜਿੱਤਿਆ।

- ਇਸ ਵਾਰ ਯੂਨੀਵਰਸਿਟੀ ਦੀ ਹਾਕੀ (Men) ਟੀਮ ਨੇ All-India inter-varsity Championship ਜਿੱਤੀ ਹੈ।
- ਇਸ ਵਾਰ ਯੂਨੀਵਰਸਿਟੀ ਦੀ ਫੁੱਟਬਾਲ (Men) ਟੀਮ ਨੇ All-India inter-varsity Championship ਵਿੱਚ ਸਿਲਵਰ ਮੈਡਲ ਜਿੱਤਿਆ ਹੈ।
- ਇਸ ਵਾਰ All-India inter-varsity Championship ਵਿਚ ਯੂਨੀਵਰਸਿਟੀ ਦੀ ਸੋਫਟਬਾਲ (women) ਟੀਮ ਨੇ ਤੀਸਰੀ ਪੁਜੀਸ਼ਨ ਹਾਸਿਲ ਕੀਤੀ ਹੈ।
- 15-20 ਫਰਵਰੀ ਨੂੰ ਚੰਡੀਗੜ੍ਹ ਵਿਖੇ ਹੋਈ All-India inter-varsity Championship ਵਿੱਚ ਯੂਨੀਵਰਸਿਟੀ ਦੀ Fencing (Men & Women) Team ਨੇ 1 ਗੋਲਡ, 1 ਸਿਲਵਰ, ਅਤੇ 3 ਬ੍ਰਾਂਜ਼ ਮੈਡਲ ਜਿੱਤੇ ਹਨ।

17. **<u>ਯੁਵਕ ਭਲਾਈ ਵਿਭਾਗ ਦੀਆਂ ਪ੍ਰਾਪਤੀਆਂ:-</u>**

- 14-18 ਜਨਵਰੀ ਤੱਕ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਦੁਆਰਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਆਯੋਜਿਤ ਨਾਰਥ ਜ਼ੋਨ ਅੰਤਰ-ਵਰਸਿਟੀ ਯੂਥ ਫੈਸਟੀਵਲ ਦੀ ਓਵਰਆਲ ਰਨਰਜ਼-ਅਪ ਟਰਾਫੀ ਯੂਨੀਵਰਸਿਟੀ ਨੇ ਜਿੱਤੀ।
- 5-7 ਫਰਵਰੀ ਤੱਕ ਪੰਜਾਬ ਪੱਧਰ ਦਾ ਅੰਤਰ-ਵਰਸਿਟੀ ਨਾਟ ਮੇਲਾ ਬਰਨਾਲਾ ਵਿਖੇ ਆਯੋਜਿਤ ਹੋਇਆ, ਜਿਸ ਵਿਚ ਯੂਨੀਵਰਸਿਟੀ ਨੇ ਪਹਿਲਾ ਸਥਾਨ ਹਾਸਿਲ ਕੀਤਾ।
- 15-19 ਫਰਵਰੀ ਤੱਕ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਦੁਆਰਾ ਯੂਨੀਵਰਸਿਟੀ ਆਫ ਮੈਸੂਰ ਵਿਖੇ ਆਯੋਜਿਤ ਅੰਤਰ-ਵਰਸਿਟੀ ਨੈਸ਼ਨਲ ਯੂਥ ਫੈਸਟੀਵਲ ਵਿੱਚ ਯੂਨੀਵਰਸਿਟੀ ਦੀਆਂ 8 ਟੀਮਾਂ ਵਿਚੋਂ 7 ਟੀਮਾਂ ਨੇ ਪਹਿਲਾ ਅਤੇ ਦੂਸਰਾ ਸਥਾਨ ਹਾਸਿਲ ਕੀਤਾ।
- 8-12 ਫਰਵਰੀ ਤੱਕ ਯੂਨੀਵਰਸਿਟੀ ਆਫ ਰਾਜਸਥਾਨ ਵਿਖੇ ਹੋਏ 14ਵੇਂ ਅੰਤਰ-ਵਰਸਿਟੀ ਯੂਥ ਫੈਸਟੀਵਲ ਘੂਮਰ (Ghoomar) ਦੀ ਓਵਰਆਲ ਚੈਂਪੀਅਨਸ਼ਿਪ ਟਰਾਫੀ ਯੂਨੀਵਰਸਿਟੀ ਨੇ ਜਿੱਤੀ।
- 25-29 ਫਰਵਰੀ ਤੱਕ ਪੰਜਾਬ ਕਲਾ ਪ੍ਰੀਸ਼ਦ ਦੁਆਰਾ ਫਤਿਹਗੜ੍ਹ ਸਾਹਿਬ ਵਿਖੇ ਆਯੋਜਿਤ ਪੰਜਾਬ ਰਾਜ ਅੰਤਰ-ਵਰਸਿਟੀ ਵਿਰਾਸਤੀ ਮੇਲੇ ਵਿਚ ਯੂਨੀਵਰਸਿਟੀ ਨੇ ਓਵਰਆਲ ਸੈਕੰਡ ਰਨਰਜ਼-ਅਪ ਟਰਾਫੀ ਜਿੱਤੀ।

**ਸੈਨੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

**ਸਿੰਡੀਕੇਟ ਦੀ ਇਕੱਤਰਤਾ ਮਿਤੀ 8.3.2016 ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

6. ਸਿੰਡੀਕੇਟ ਦੀਆਂ ਮਿਤੀ 8.3.2016 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ 'ਤੇ ਵਿਚਾਰ ਹੋਈ:-

(I) (ੳ) ਵੱਖ-ਵੱਖ ਪ੍ਰੀਖਿਆਵਾਂ ਦੇ ਹੇਠ ਲਿਖੇ ਅਨੁਸਾਰ ਪਾਸ ਉਮੀਦਵਾਰਾਂ ਨੂੰ ਯੂਨੀਵਰਸਿਟੀ ਦੀ 42ਵੀਂ ਕਨਵੋਕੇਸ਼ਨ 'ਤੇ ਡਿਗਰੀਆਂ ਪ੍ਰਾਪਤ ਕਰਨ ਲਈ ਸੱਦਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਵੇ :-

| | |
|---|---|
| 1. ਪੀਐਚ.ਡੀ. | ਸਾਰੇ ਉਮੀਦਵਾਰ |
| 2. ਐਮ.ਫਿਲ. | ਪਹਿਲੀਆਂ ਤਿੰਨ ਪੋਜ਼ੀਸ਼ਨਾਂ ਬਸ਼ਰਤਿ ਕਿ ਉਨ੍ਹਾਂ ਨੇ ਇਹ ਪ੍ਰੀਖਿਆ ਪਹਿਲੇ ਦਰਜੇ ਵਿਚ ਪਾਸ ਕੀਤੀ ਹੋਵੇ। |

| | |
|---|---|
| 3. ਬਾਕੀ ਸਾਰੀਆਂ ਪ੍ਰੀਖਿਆਵਾਂ | ਪਹਿਲੀਆਂ ਤਿੰਨ ਪੋਜ਼ੀਸ਼ਨਾਂ ਬਸ਼ਰਤਿ ਕਿ ਉਨ੍ਹਾਂ ਨੇ ਇਹ ਪ੍ਰੀਖਿਆ ਪਹਿਲੇ ਦਰਜੇ ਵਿਚ ਪਾਸ ਕੀਤੀ ਹੋਵੇ। |

(ਅ) ਵੱਖ-ਵੱਖ ਫੈਕਲਟੀਆਂ ਦੇ ਪੀਐਚ.ਡੀ., ਐਮ.ਫਿ਼ਲ. ਅਤੇ ਬਾਕੀ ਸਾਰੀਆਂ ਪ੍ਰੀਖਿਆਵਾਂ ਦੇ ਵਿਦਿਆਰਥੀਆਂ ਦੇ ਨਤੀਜੇ, ਜੋ ਹੇਠਾਂ ਦਰਸਾਈਆਂ ਮਿਤੀਆਂ ਤੱਕ ਨਿਕਲ ਚੁੱਕੇ ਹਨ, ਨੂੰ ਉਕਤ (ੳ) ਅਨੁਸਾਰ 42ਵੀਂ ਕਨਵੋਕੇਸ਼ਨ 'ਤੇ ਡਿਗਰੀਆਂ ਪਰਦਾਨ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ:-

| | |
|---|---|
| 1. ਪੀਐਚ.ਡੀ. | ਕਨਵੋਕੇਸ਼ਨ ਦੀ ਮਿਤੀ ਤੋਂ ਇਕ ਦਿਨ ਪਹਿਲਾਂ |
| 2. ਐਮ.ਫਿ਼ਲ. | ਕਨਵੋਕੇਸ਼ਨ ਦੀ ਮਿਤੀ ਤੋਂ ਸੱਤ ਦਿਨ ਪਹਿਲਾਂ |
| 3. ਬਾਕੀ ਸਾਰੀਆਂ ਪ੍ਰੀਖਿਆਵਾਂ | ਕਨਵੋਕੇਸ਼ਨ ਦੀ ਮਿਤੀ ਤੋਂ ਸੱਤ ਦਿਨ ਪਹਿਲਾਂ |

(ਸਿੰਡੀਕੇਟ ਪੈਰਾ 18)

(II) ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 29.1.2016 ਦੀਆਂ ਸਿਫਾਰਸ਼ਾਂ **ਅੰਤਿਕਾ(1) ਅਤੇ ਅੰਤਿਕਾ (2** ਦੇ**–**Sr. No. 4(II) ਅਤੇ Sr. No. 5(II)**)** ਅਨੁਸਾਰ ਪ੍ਰਵਾਨ ਕੀਤੀਆਂ ਜਾਣ।

(ਸਿੰਡੀਕੇਟ ਪੈਰਾ 26)

(III) ਸੈਸ਼ਨ 2016-17 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਫੱਤੂ ਢੀਂਗਾ (ਸੁਲਤਾਨਪੁਰ ਲੋਧੀ) ਵਿਖੇ M.Sc. (Computer Science) ਅਤੇ MCA (TYC) ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

Note:- 1. The above courses are in addition to already approved courses for GNDU Regional Campus, Fattu Dhinga, Kapurthala i.e. B.Tech. (CSE), B.Tech. (ECE), MCA (FYIC), BCA, B.Com. and PGDCA.
2. It is also proposed that the fee structure for M.Sc. (Computer Science) and MCA (TYC) shall be similar.

(ਸਿੰਡੀਕੇਟ ਪੈਰਾ 29)

(IV) ਐਮ.ਕੇ. ਕਾਲਜ ਆਫ ਐਜੂਕੇਸ਼ਨ, ਸ਼ਾਹਪੁਰ (ਜਲੰਧਰ) ਨੂੰ ਪੱਕੀ ਸੰਬੱਧਤਾ ਪ੍ਰਦਾਨ ਕਰਨ ਸਬੰਧੀ ਨਿਰੀਖਣ ਕਮੇਟੀ (Inspection Committee) ਦੀ ਰਿਪੋਰਟ ਮਿਤੀ 9.12.2015 (**ਅੰਤਿਕਾ–**I) ਨੂੰ ਮੁੱਖ ਰੱਖਦਿਆਂ ਅਤੇ ਨਿਰੀਖਣ ਕਮੇਟੀ ਵੱਲੋਂ New Standard Reference Books ਖ੍ਰੀਦਣ ਦੀ ਲਗਾਈ ਸ਼ਰਤ, ਕਾਲਜ ਵੱਲੋਂ ਪ੍ਰਾਪਤ ਪੱਤਰ ਮਿਤੀ 20.1.2016 ਅਤੇ 27.1.2016 (**ਅੰਤਿਕਾ–**II) ਰਾਹੀਂ ਸ਼ਰਤ ਦੀ ਪੂਰਤੀ ਕਰ ਲੈਣ ਕਾਰਣ ਉਕਤ ਕਾਲਜ ਨੂੰ ਪੱਕੀ ਸੰਬੱਧਤਾ ਪ੍ਰਦਾਨ ਕੀਤੀ ਜਾਵੇ।

(ਸਿੰਡੀਕੇਟ ਪੈਰਾ 32)

(V) ਸਿੰਡੀਕੇਟ ਦੀ ਇਕੱਤਰਤਾ ਮਿਤੀ 29.6.2015 ਦੇ ਪੈਰਾ ਨੰ: 88 ਅਤੇ ਸੈਨੇਟ ਦੀ ਇਕੱਤਰਤਾ ਮਿਤੀ 28.8.2015 ਦੇ ਪੈਰਾ ਨੰ: 5(ਘ) ਰਾਹੀਂ ਐਮ.ਬੀ.ਏ./ ਐਮ.ਸੀ.ਏ. ਅਤੇ ਹੋਰ ਕੋਰਸ ਸ਼ੁਰੂ ਕਰਨ ਸਬੰਧੀ, ਜੋ ਫੈਸਲਾ ਕੀਤਾ ਗਿਆ ਸੀ, ਕੁੱਝ ਕਾਰਣਾਂ ਕਰਕੇ ਇਨ੍ਹਾਂ ਕੋਰਸਾਂ ਦੀ ਸੰਬੱਧਤਾ ਸੈਸ਼ਨ 2016-17 ਤੋਂ ਦੇਣੀ ਸੰਭਵ ਨਾਂ ਹੋਣ ਕਰਕੇ, ਯੂਨੀਵਰਸਿਟੀ ਅਧਿਕਾਰ ਖੇਤਰ ਅਧੀਨ ਆਉਂਦੀਆਂ ਵੱਖ-ਵੱਖ ਨਵੀਆਂ ਸੰਸਥਾਵਾਂ ਵੱਲੋਂ ਐਮ.ਬੀ.ਏ./ ਐਮ.ਸੀ.ਏ. ਅਤੇ ਹੋਰ ਕੋਰਸਾਂ ਦੀ ਸੰਬੱਧਤਾ ਲੈਣ ਲਈ ਭੇਜੀ ਐਪਲੀਕੇਸ਼ਨ ਪ੍ਰੋਸੈਸਿੰਗ ਫੀਸ ਅਤੇ ਇਸ ਯੂਨੀਵਰਸਿਟੀ ਨਾਲ ਸੰਬੱਧਤਾ ਪ੍ਰਾਪਤ ਕਾਲਜਾਂ ਵੱਲੋਂ ਐਮ.ਬੀ.ਏ./ ਐਮ.ਸੀ.ਏ. ਕੋਰਸਾਂ ਦੀ ਸਬੰਧੱਤਾ ਲੈਣ ਲਈ ਭੇਜੀ ਐਪਲੀਕੇਸ਼ਨ ਪ੍ਰੋਸੈਸਿੰਗ ਫੀਸ (**ਅੰਤਿਕਾ** ਅਨੁਸਾਰ) ਵਾਪਿਸ ਕਰ

ਦਿੱਤੀ ਜਾਵੇ ਅਤੇ ਇਨ੍ਹਾਂ ਕਾਲਜਾਂ/ ਸੰਸਥਾਵਾਂ ਨੂੰ ਸੂਚਿਤ ਕਰ ਦਿੱਤਾ ਜਾਵੇ ਕਿ ਉਨ੍ਹਾਂ ਵੱਲੋਂ ਭੇਜੇ ਬਿਨੈ-ਪੱਤਰ ਸੈਸ਼ਨ 2016-17 ਲਈ ਨਹੀਂ ਵਿਚਾਰੇ ਜਾ ਸਕਦੇ।

(ਸਿੰਡੀਕੇਟ ਪੈਰਾ 34)

**ਪਾਸ ਹੋਇਆ** ਕਿ ਸਿੰਡੀਕੇਟ ਦੀ ਇਕੱਤਰਤਾ ਮਿਤੀ 8.3.2016 ਦੀਆਂ ਉਕਤ ਸਿਫਾਰਸ਼ਾਂ ਪ੍ਰਵਾਨ ਕੀਤੀਆਂ ਜਾਂਦੀਆ ਹਨ।

ਧੰਨਵਾਦ ਦੇ ਮਤੇ ਨਾਲ ਇਕੱਤਰਤਾ ਸਮਾਪਤ ਹੋਈ।

(ਸ਼ਰਨਜੀਤ ਸਿੰਘ ਢਿੱਲੋਂ)
ਰਜਿਸਟਰਾਰ

**ਪੱਕੀ ਕੀਤੀ ਗਈ**

ਸਹੀ/-

(ਅ.ਸ. ਬਰਾੜ)
ਉਪ-ਕੁਲਪਤੀ